Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
www.fairadvicefinancial.com Financial Planner
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 38 | Thursday, February 24, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਓਨਟਾਰੀਓ ਨੇ ਹਟਾਈ ਸਟੇਟ ਆਫ ਐਮਰਜੰਸੀ

ਓਨਟਾਰੀਓ, 23 ਫਰਵਰੀ (ਪੋਸਟ ਬਿਊਰੋ) : ਟਰੱਕਰ ਕੌਨਵੌਏ ਦੇ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਲਈ ਲਿਆਂਦੀ ਗਈ ਸਟੇਟ ਆਫ ਐਮਰਜੰਸੀ ਓਨਟਾਰੀਓ ਵੱਲੋਂ ਹਟਾਈ ਜਾ ਰਹੀ ਹੈ। ਬੁੱਧਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਦੀ ਤਰਜ਼ਮਾਨ ਇਵਾਨਾ ਯੈਲਿਚ ਨੇ ਆਖਿਆ ਕਿ ਫੈਡਰਲ ਸਰਕਾਰ ਦੀ ਤਰਜ਼ ਉੱਤੇ ਓਨਟਾਰੀਓ ਵੀ ਅੱਜ ਸ਼ਾਮ 5:00 ਵਜੇ ਤੱਕ ਆਪਣੀ ਸਟੇਟ ਆਫ ਐਮਰਜੰਸੀ ਖ਼ਤਮ ਕਰ ਦੇਵੇਗਾ। ਇਹ ਵੀ ਆਖਿਆ ਗਿਆ ਕਿ ਪੁਲਿਸ ਨੂੰ ਮੁਹੱਈਆ ਕਰਵਾਏ ਗਏ ਐਮਰਜੰਸੀ ਟੂਲਜ਼ ਨੂੰ ਹਾਲ ਦੀ ਘੜੀ ਬਰਕਰਾਰ ਰੱਖਿਆ ਜਾਵੇਗਾ ਤਾਂ ਕਿ ਕਿਸੇ ਵੀ ਅਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਪੁਲਿਸ ਕਾਇਮ ਰਹੇ। ਅਜੇ ਦੋ ਹਫਤੇ ਪਹਿਲਾਂ ਹੀ ਫੋਰਡ ਵੱਲੋਂ ਓਨਟਾਰੀਓ ਵਿੱਚ ਸਟੇਟ ਆਫ ਐਮਰਜੰਸੀ ਐਲਾਨੀ ਗਈ ਸੀ। ਅਜਿਹਾ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਕੀਤਾ ਗਿਆ ਸੀ। ਟਰੱਕਰਜ਼ ਕੌਨਵੌਏ ਵੱਲੋਂ ਵਸਤਾਂ, ਲੋਕਾਂ ਤੇ ਸੇਵਾਵਾਂ ਵਿੱਚ ਵਿਘਣ ਪਾਉਣ ਵਾਲਿਆਂ ਖਿਲਾਫ ਸਖ਼ਤੀ ਕਰਨ ਵਾਸਤੇ ਅਜਿਹਾ ਕੀਤਾ ਗਿਆ ਸੀ। ਨਿਯਮਾਂ ਦੀ ਉਲੰਘਣਾਂ ਕਰਨ ਵਾਲੇ ਲਈ 100,000 ਡਾਲਰ ਤੱਕ ਦਾ ਜੁਰਮਾਨਾ ਤੇ ਇੱਕ ਸਾਲ ਦੀ ਸਜ਼ਾ ਦਾ ਪ੍ਰਬੰਧ ਵੀ ਕੀਤਾ ਗਿਆ ਸੀ।

ਯੈਲਿਚ ਨੇ ਆਖਿਆ ਕਿ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਵਿੱਚ ਮਦਦ ਕਰਨ ਵਾਲੇ ਫਰੰਟਲਾਈਨ ਅਧਿਕਾਰੀਆਂ ਤੇ ਫਰਸਟ ਰਿਸਪਾਂਡਰਜ਼ ਦੇ ਉਹ ਧੰਨਵਾਦੀ ਹਨ ਜਿਨ੍ਹਾਂ ਨੇ ਓਟਵਾ, ਵਿੰਡਸਰ ਤੇ ਪ੍ਰੋਵਿੰਸ ਦੇ ਹੋਰਨਾਂ ਹਿੱਸਿਆਂ ਵਿੱਚ ਹਾਲਾਤ ਉੱਤੇ ਕਾਬੂ ਪਾਉਣ ਵਿੱਚ ਮਦਦ ਕੀਤੀ।

## ਫੋਰਡ ਸਰਕਾਰ ਨੇ ਬਜਟ ਦੀ ਡੈੱਡਲਾਈਨ ਅੱਗੇ ਪਾਈ



ਓਨਟਾਰੀਓ, 23 ਫਰਵਰੀ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਇੱਕ ਵਾਰੀ ਕੀਤੀ ਜਾਣ ਵਾਲੀ ਸੋਧ ਲਿਆਂਦੀ ਗਈ ਹੈ ਜਿਸ ਨਾਲ ਓਨਟਾਰੀਓ ਦਾ ਬਜਟ ਪੇਸ਼ ਕਰਨ ਲਈ ਮਿਥੀ ਗਈ ਡੈੱਡਲਾਈਨ ਅੱਗੇ ਪਾਉਣ ਵਿੱਚ ਮਦਦ ਮਿਲੇਗੀ।

ਖਰਚਿਆਂ ਸਬੰਧੀ ਯੋਜਨਾ ਮਾਰਚ ਦੇ ਅੰਤ ਤੱਕ ਲਿਆਉਣ ਦੀ ਸੰਭਾਵਨਾ ਸੀ ਪਰ ਮੰਗਲਵਾਰ ਨੂੰ ਕੀਤੀ ਗਈ ਸੋਧ ਰਾਹੀਂ ਇਹ ਡੈੱਡਲਾਈਨ 30 ਅਪਰੈਲ ਤੱਕ ਵਧਾ ਦਿੱਤੀ ਗਈ ਹੈ। ਸਰਕਾਰ ਦੇ ਹਾਊਸ ਲੀਡਰ ਪਾਲ ਕਲੈਂਡਰਾਂ ਨੇ ਆਖਿਆ ਕਿ ਇਹ ਦੇਰ ਇਸ ਲਈ ਜ਼ਰੂਰੀ ਸੀ ਕਿ ਸਰਕਾਰ ਕੋਲ ਬਿਲਕੁਲ ਤਾਜ਼ਾ ਆਰਥਿਕ ਫੋਰਕਾਸਟ ਹੋਵੇ।

ਜ਼ਿਕਰਯੋਗ ਹੈ ਕਿ 2019 ਵਿੱਚ ਫੋਰਡ ਸਰਕਾਰ ਨੇ ਇਹ ਕਾਨੂੰਨ ਲਿਆਂਦਾ ਸੀ ਕਿ ਭਵਿੱਖ ਦੀਆਂ ਸਾਰੀਆਂ ਸਰਕਾਰਾਂ ਨੂੰ ਮਾਰਚ ਦੇ ਅੰਤ ਤੋਂ ਪਹਿਲਾਂ ਬਜਟ ਪੇਸ਼ ਕਰਨਾ ਹੋਵੇਗਾ। ਅਜਿਹਾ ਕਰਨ ਵਿੱਚ ਅਸਫਲ ਰਹਿਣ ਉੱਤੇ ਪ੍ਰੀਮੀਅਰ ਤੇ ਵਿੱਤ ਮੰਤਰੀ ਨੂੰ ਜੁਰਮਾਨਾ ਹੋ ਸਕੇਗਾ।

ਬੁੱਧਵਾਰ ਨੂੰ ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਲਈ ਫੋਰਡ ਨੂੰ ਸਗੋਂ ਪਹਿਲਾਂ ਬਜਟ ਲਿਆਉਣਾ ਚਾਹੀਦਾ ਸੀ ਜਦਕਿ ਉਹ ਆਪਣੇ ਸਿਆਸੀ ਲਾਹਿਆਂ ਵੱਲ ਜ਼ਿਆਦਾ ਧਿਆਨ ਦੇ ਰਹੇ ਹਨ।

## ਟਰੂਡੋ ਨੇ ਐਮਰਜੰਸੀ ਐਕਟ ਰੱਦ ਕਰਨ ਦਾ ਕੀਤਾ ਐਲਾਨ

ਓਟਵਾ, 23 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਟਰੱਕਰ ਕੌਨਵੌਏ ਤੇ ਮੁਜ਼ਾਹਰਿਆਂ ਦਰਮਿਆਨ ਇੱਕ ਹਫਤੇ ਪਹਿਲਾਂ ਹੀ ਜਿਸ ਐਮਰਜੰਸੀ ਐਕਟ ਨੂੰ ਫੈਡਰਲ ਸਰਕਾਰ ਵੱਲੋਂ ਲਾਗੂ ਕੀਤਾ ਗਿਆ ਸੀ, ਉਸ ਦੀ ਵਰਤੋਂ ਬੰਦ ਕੀਤੀ ਜਾਵੇਗੀ।



ਟਰੂਡੋ ਨੇ ਇਹ ਐਲਾਨ ਬੁੱਧਵਾਰ ਨੂੰ ਡਿਪਟੀ ਪ੍ਰਧਾਨ ਮੰਤਰੀ ਤੇ ਫਾਇਨਾਂਸ ਮੰਤਰੀ ਕ੍ਰਿਸਟੀਆ ਫਰੀਲੈਂਡ, ਜਸਟਿਸ ਮੰਤਰੀ ਡੇਵਿਡ ਲਾਮੇਟੀ, ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਤੇ ਐਮਰਜੰਸੀ ਪ੍ਰੀਪੇਅਰਡਨੈੱਸ ਮੰਤਰੀ ਬਿੱਲ ਬਲੇਅਰ ਦੀ ਮੌਜੂਦਗੀ ਵਿੱਚ ਕੀਤਾ। ਇਸ ਮੌਕੇ ਪ੍ਰਧਾਨ ਮੰਤਰੀ ਨੇ ਆਖਿਆ ਕਿ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਅਸੀਂ ਇਸ ਨਤੀਜੇ ਉੱਤੇ ਪਹੁੰਚੇ ਹਾਂ ਕਿ ਹਾਲਾਤ ਐਮਰਜੰਸੀ ਵਾਲੇ ਨਹੀਂ ਰਹੇ। ਇਸ ਲਈ ਫੈਡਰਲ ਸਰਕਾਰ ਐਮਰਜੰਸੀ ਐਕਟ ਦੀ ਵਰਤੋਂ ਖ਼ਤਮ ਕਰਨ ਜਾ ਰਹੀ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਸਾਨੂੰ ਘਰ ਵਿੱਚ ਤੇ ਦੁਨੀਆ ਭਰ ਵਿੱਚ ਜਮਹੂਰੀਅਤ ਦੀ ਰਾਖੀ ਕਰਨੀ ਚਾਹੀਦੀ ਹੈ ਤੇ ਇਸ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਹਾਊਸ ਆਫ ਕਾਮਨਜ਼ ਵੱਲੋਂ ਸੋਮਵਾਰ ਨੂੰ ਸੀਮਤ ਐਮਰਜੰਸੀ ਸ਼ਕਤੀਆਂ ਦੀ ਪੁਸ਼ਟੀ ਲਈ ਮਤਾ ਪਾਸ ਕੀਤਾ ਗਿਆ ਸੀ। ਇਨ੍ਹਾਂ ਵਿੱਚ ਕੌਨਵੌਏ ਦੀ ਫੰਡਿੰਗ ਵਿੱਚ ਕਟੌਤੀ ਲਈ ਵਿੱਤੀ ਟੂਲਜ਼ ਵੀ ਸ਼ਾਮਲ ਸਨ। ਜੇ ਇਸ ਨੂੰ ਖ਼ਤਮ ਨਾ ਕੀਤਾ ਜਾਂਦਾ ਤਾਂ 30 ਦਿਨਾਂ ਬਾਅਦ ਇਸ ਨੇ ਆਪਣੇ ਆਪ ਹੀ ਖ਼ਤਮ ਹੋ ਜਾਣਾ ਸੀ।

## ਗੈਸ ਦੀਆਂ ਕੀਮਤਾਂ ਵਿੱਚ ਕਟੌਤੀ ਬਾਰੇ ਫੋਰਡ ਚੁੱਪ

ਓਨਟਾਰੀਓ, 23 ਫਰਵਰੀ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਵੱਲੋਂ 2018 ਵਿੱਚ ਕੀਤੇ ਗਏ ਚੋਣ ਵਾਅਦਿਆਂ ਵਿੱਚ ਗੈਸ ਦੀਆਂ ਕੀਮਤਾਂ 10 ਸੈਂਟ ਪ੍ਰਤੀ ਲੀਟਰ ਘਟਾਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਪ੍ਰੀਮੀਅਰ ਵੱਲੋਂ ਇਹ ਵਾਅਦਾ ਵਫਾ ਨਹੀਂ ਕੀਤਾ ਗਿਆ। ਲੱਗਭਗ ਚਾਰ ਸਾਲ ਬਾਅਦ ਵੀ ਫੋਰਡ ਨੇ ਮੰਗਲਵਾਰ ਨੂੰ ਇਸ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਆਖਿਆ ਕਿ ਇਸ ਬਾਰੇ ਉਹ ਵਿਚਾਰ ਕਰਨਗੇ। ਕੀਮਤਾਂ ਵਿੱਚ ਕਮੀ ਲਿਆਉਣ ਲਈ 4.3 ਫੀ ਸਦੀ ਦੀ ਕਟੌਤੀ ਫੋਰਡ ਵੱਲੋਂ ਕੈਪ ਐਂਡ ਟਰੇਡ ਸਿਸਟਮ ਨੂੰ ਖ਼ਤਮ ਕਰਕੇ ਕਰ ਦਿੱਤੀ ਗਈ ਸੀ ਪਰ ਇਸ ਕਾਰਨ ਫੈਡਰਲ ਕਾਰਬਨ ਟੈਕਸ ਦਾ ਜੱਬ੍ਹ ਪੈ ਗਿਆ ਤੇ 4.3 ਫੀ ਸਦੀ ਦੀ ਇਹ ਕਟੌਤੀ ਵੀ ਕਿਸੇ ਕੰਮ ਨਹੀਂ ਆਈ।

ਫੋਰਡ ਨੇ ਪਿਛਲੇ ਸਾਲ ਨਵੰਬਰ ਵਿੱਚ ਇਹ ਵਾਅਦਾ ਕੀਤਾ ਸੀ ਕਿ ਉਹ ਆਪਣੇ ਚੋਣ ਕਰਾਰ ਨੂੰ ਪੂਰਾ ਕਰਨ ਲਈ ਅਗਲੇ ਬਜਟ ਤੋਂ ਪਹਿਲਾਂ ਪੈਟਰੋਲ ਦੀਆਂ ਕੀਮਤਾਂ ਵਿੱਚ 5.7 ਸੈਂਟ ਦੀ ਹੋਰ ਕਟੌਤੀ ਕਰਨਗੇ। ਇਹ ਬਜਟ ਆਉਣ ਵਾਲੇ ਹਫਤਿਆਂ ਵਿੱਚ ਪੇਸ਼ ਕੀਤਾ ਜਾਣਾ ਹੈ। ਇਸ ਲਿਹਾਜ ਨਾਲ ਹੀ ਜਦੋਂ ਫੋਰਡ ਤੋਂ ਇਹ ਪੁੱਛਿਆ ਗਿਆ ਕਿ ਪ੍ਰੋਵਿੰਸ਼ੀਅਲ ਗੈਸ ਟੈਕਸ ਵਿੱਚ ਸਥਾਨਕ ਵਾਸੀ ਕਦੋਂ ਤੱਕ ਕਟੌਤੀ ਦੀ ਉਮੀਦ ਕਰ ਸਕਦੇ ਹਨ ਤਾਂ ਉਨ੍ਹਾਂ ਆਖਿਆ ਕਿ ਸਾਨੂੰ ਇਸ ਬਾਰੇ ਫੈਡਰਲ ਸਰਕਾਰ ਨਾਲ ਰਲ ਕੇ ਵਿਚਾਰ ਕਰਨਾ ਹੋਵੇਗਾ। ਫੋਰਡ ਨੇ ਆਖਿਆ ਕਿ ਇਸ ਬਾਰੇ ਪ੍ਰਧਾਨ ਮੰਤਰੀ ਨੂੰ ਟੈਕਸ ਘਟਾਉਣੇ ਚਾਹੀਦੇ ਹਨ। ਇਸ ਦੌਰਾਨ ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਤੇ ਐਮਪੀਪੀ ਪ੍ਰਭਮੀਤ ਸਰਕਾਰੀਆ ਨੂੰ ਜਦੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਆਖਿਆ ਕਿ ਅਸੀਂ ਓਨਟਾਰੀਓ ਵਾਸੀਆਂ ਲਈ ਜ਼ਿੰਦਗੀ ਹੋਰ ਕਿਫਾਇਤੀ ਬਣਾਉਣ ਲਈ ਸਾਰੇ ਬਦਲ ਤਲਾਸ਼ ਰਹੇ ਹਾਂ। ਇਸ ਸਮੇਂ ਜੀਟੀਏ ਵਾਸੀਆਂ ਨੂੰ ਗੈਸ ਲਈ ਇੱਕ ਡਾਲਰ ਇਕਾਹਠ ਸੈਂਟ (1.61) ਪ੍ਰਤੀ ਲੀਟਰ ਦੇਣੇ ਪੈਂਦੇ ਹਨ।

## ਟਰੂਡੋ ਵਲੋਂ ਰੂਸ ਖਿਲਾਫ ਪਾਬੰਦੀਆਂ ਦਾ ਐਲਾਨ

ਓਟਵਾ, 23 ਫਰਵਰੀ (ਪੋਸਟ ਬਿਊਰੋ) : ਪੂਰਬੀ ਯੂਕਰੇਨ ਦੇ ਦੋ ਰੀਜਨਜ਼ ਨੂੰ ਆਜ਼ਾਦ ਕਰਾਰ ਦੇਣ ਤੇ ਫੌਜ ਨੂੰ ਉੱਥੇ ਤਾਇਨਾਤ ਕਰਨ ਦੀ ਮਾਨਤਾ ਦੇਣ ਦੇ ਫੈਸਲੇ ਦੇ ਸਬੰਧ ਵਿੱਚ ਰੂਸ ਖਿਲਾਫ ਫੈਡਰਲ ਸਰਕਾਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਖੁਲਾਸਾ ਕੀਤਾ ਗਿਆ।

ਟਰੂਡੋ ਨੇ ਆਖਿਆ ਕਿ ਸਰਕਾਰ ਵੱਲੋਂ ਕੈਨੇਡੀਅਨਜ਼ ਨੂੰ ਅਜਿਹੇ ਤਥਾ ਕਥਿਤ ਆਜ਼ਾਦ ਸਟੇਟਸ ਦੌਨੇਤਸਕ ਤੇ ਲੁਹਾਂਸਕ ਨਾਲ ਕਿਸੇ ਵੀ ਤਰ੍ਹਾਂ ਦੇ ਵਿੱਤੀ ਲੈਣ ਦੇਣ ਤੋਂ ਵਰਜਿਆ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਰੀਜਨਜ਼ ਨੂੰ ਆਜ਼ਾਦ ਕਰਾਰ ਦੇਣ ਦੇ ਪੱਖ ਵਿੱਚ ਵੋਟ ਪਾਉਣ ਵਾਲੇ ਰੂਸੀ ਪਾਰਲੀਆਮੈਂਟ ਦੇ ਮੈਂਬਰਾਂ ਖਿਲਾਫ ਵੀ ਪਾਬੰਦੀਆਂ ਲਾਈਆਂ ਗਈਆਂ ਹਨ। ਇਸ ਦੇ ਨਾਲ ਹੀ ਕੈਨੇਡਾ ਦੀ ਨਾਟੋ ਪ੍ਰਤੀ ਵਚਨਬੱਧਤਾ ਦੇ ਮੱਦੇਨਜ਼ਰ ਆਪਰੇਸ਼ਨ ਰੀਐਸ਼ਿਓਰੈਂਸ ਤਹਿਤ 460 ਕੈਨੇਡੀਅਨ ਫੌਜੀ ਟੁਕੜੀਆਂ ਨੂੰ ਸਰਕਾਰ ਵੱਲੋਂ ਲੈਟਵੀਆ ਵਿੱਚ ਤਾਇਨਾਤ ਕੀਤੇ ਜਾਣ ਦੀ ਮਨਜ਼ੂਰੀ ਵੀ ਦਿੱਤੀ ਗਈ ਹੈ। ਟਰੂਡੋ ਨੇ ਆਖਿਆ ਕਿ ਇਹ ਰੂਸ ਦੀ ਧੱਕੇਸ਼ਾਹੀ ਹੈ ਤੇ ਕਿਸੇ ਪ੍ਰਭੂਸੱਤਾ ਸੰਪੰਨ ਦੇਸ਼ ਉੱਤੇ ਇਸ ਤਰ੍ਹਾਂ ਦੀ ਚੜ੍ਹਾਈ ਨੂੰ ਕਿਸੇ ਵੀ ਹਾਲ ਸਵੀਕਾਰਿਆ ਨਹੀਂ ਜਾ ਸਕਦਾ। ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇਨ੍ਹਾਂ ਇਲਾਕਿਆਂ ਵਿੱਚ ਫੌਜ ਤਾਇਨਾਤ ਕਰਨ ਦੇ ਫੈਸਲੇ ਉੱਤੇ ਸਹੀ ਪਾਈ। ਇਸ ਦੌਰਾਨ ਮੰਗਲਵਾਰ ਨੂੰ ਸਰਬਸੰਮਤੀ ਨਾਲ ਵੋਟ ਪਾ ਕੇ ਰੂਸ ਦੇ ਨੀਤੀਘਾੜਿਆਂ ਤੇ ਫੈਡਰੇਸ਼ਨ ਕਾਊਂਸਲ ਦੇ ਮੈਂਬਰਾਂ ਵੱਲੋਂ ਦੇਸ਼ ਤੋਂ ਬਾਹਰ ਫੌਜ ਦੀ ਵਰਤੋਂ ਕਰਨ ਦੀ ਪੁਤਿਨ ਨੂੰ ਇਜਾਜ਼ਤ ਦਿੱਤੀ ਗਈ। ਇਸ ਮਗਰੋਂ ਦੁਨੀਆ ਭਰ ਦੇ ਆਗੂਆਂ ਵੱਲੋਂ ਰੂਸ ਖਿਲਾਫ ਪਾਬੰਦੀਆਂ ਦਾ ਐਲਾਨ ਕੀਤਾ ਗਿਆ।

## ਫੌਨਸੈਕਾ ਦੇ ਆਫਿਸ ਨੂੰ ਲੱਗੀ ਅੱਗ ਨੂੰ ਪੁਲਿਸ ਨੇ ਦੱਸਿਆ ਸ਼ੱਕੀ

ਮਿਸੀਸਾਗਾ, 23 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਲਿਬਰਲ ਐਮਪੀ ਪੀਟਰ ਫੌਨਸੈਕਾ ਦੇ ਹਲਕਾ ਆਫਿਸ ਵਿੱਚ ਲੱਗੀ ਅੱਗ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਇਹ ਮਾਮਲਾ ਸ਼ੱਕੀ ਹੈ। ਪੀਲ ਰੀਜਨਲ ਪੁਲਿਸ ਕਾਂਸਟੇਬਲ ਹੈਦਰ ਕੈਨਨ ਨੇ ਆਖਿਆ ਕਿ ਅੱਗ ਲੱਗਣ ਦੀ ਖਬਰ ਦੇ ਕੇ ਸਵੇਰੇ 4:19 ਵਜੇ ਐਮਰਜੰਸੀ ਅਮਲੇ ਨੂੰ ਬਰਨਥੌਰਪ ਤੇ ਟੌਮਕਨ ਰੋਡਜ਼ ਨੇੜੇ ਸਥਿਤ ਕਮਰਸ਼ੀਅਲ ਪਲਾਜ਼ਾ ਉੱਤੇ ਸੱਦਿਆ ਗਿਆ। ਫਾਇਰ ਡਿਪਾਰਟਮੈਂਟ ਵੱਲੋਂ ਅੱਗ ਉੱਤੇ ਜਲਦ ਹੀ ਕਾਬੂ ਪਾ ਲਿਆ ਗਿਆ। ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਕੈਨਨ ਨੇ ਆਖਿਆ ਕਿ ਪੀਲ ਪੁਲਿਸ ਦੇ ਡਿਟੈਕਟਿਵਜ਼ ਤੇ ਓਨਟਾਰੀਓ ਫਾਇਰ ਮਾਰਸ਼ਲ ਆਫਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪਲਾਜ਼ਾ ਸਥਿਤ ਫੌਨਸੈਕਾ ਦੇ ਆਫਿਸ ਦਾ ਦਰਵਾਜ਼ਾ ਨਾਲ ਹੀ ਸਥਿਤ ਬਰਗਰ ਰੈਸਟੋਰੈਂਟ ਦੇ ਦਰਵਾਜ਼ੇ ਸਮੇਤ ਬੁੱਧਵਾਰ ਨੂੰ ਲੱਕੜ ਦੇ ਬੋਰਡ ਨਾਲ ਢਕਿਆ ਹੋਇਆ ਸੀ। ਫੌਨਸੈਕਾ ਦੇ ਆਫਿਸ ਉੱਪਰ ਲੱਗਿਆ ਸਕਿਊਰਿਟੀ ਕੈਮਰਾ ਵੀ ਗ੍ਰੇਅ ਤੇ ਚਿੱਟੇ ਰੰਗ ਦੇ ਸਪ੍ਰੇਅ ਪੇਂਟ ਨਾਲ ਪੇਂਟ ਕੀਤਾ ਹੋਇਆ ਸੀ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Locations
Woodbridge
Mississauga
Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗ੍ਰੇਸ਼ਨ ਸੇਵਾਵਾਂ 10-20% Discount
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL
Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਫੋਰਡ ਸਰਕਾਰ ਨੇ ਲਾਇਸੈਂਸ ਪਲੇਟ ਰਨਿਊ ਕਰਵਾਉਣ ਸਬੰਧੀ ਫੀਸ ਖ਼ਤਮ ਕਰਨ ਦਾ ਕੀਤਾ ਐਲਾਨ

ਓਨਟਾਰੀਓ, 23 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਲਾਇਸੈਂਸ ਪਲੇਟ ਤੇ ਸਟਿੱਕਰ ਰਨਿਊ ਕਰਵਾਉਣ ਸਬੰਧੀ ਫੀਸ ਖ਼ਤਮ ਕਰਨ ਦਾ ਐਲਾਨ ਕੀਤਾ ਗਿਆ। ਇਸ ਦੇ ਨਾਲ ਹੀ ਸਰਕਾਰ ਵੱਲੋਂ ਓਨਟਾਰੀਓ ਦੇ ਯੋਗ ਡਰਾਈਵਰਾਂ ਨੂੰ ਰੀਫੰਡ ਵੀ ਮੁਹੱਈਆ ਕਰਵਾਏ ਜਾਣਗੇ।





ਫੀਸ ਖ਼ਤਮ ਕਰਨ ਸਬੰਧੀ ਇਹ ਫੈਸਲਾ 13 ਮਾਰਚ ਤੋਂ ਪ੍ਰਭਾਵੀ ਹੋਵੇਗਾ। ਫੋਰਡ ਸਰਕਾਰ ਵੱਲੋਂ ਇਹ ਫੈਸਲਾ ਜੂਨ ਵਿੱਚ ਹੋਣ ਜਾ ਰਹੀਆਂ ਪ੍ਰੋਵਿੰਸ਼ੀਅਲ ਚੋਣਾਂ ਤੋਂ ਤਿੰਨ ਮਹੀਨੇ ਪਹਿਲਾਂ ਲਿਆ ਗਿਆ ਹੈ। ਇਸ ਨਾਲ ਓਨਟਾਰੀਓ ਦੇ ਕਈ ਡਰਾਈਵਰਾਂ ਨੂੰ ਸਾਲ ਦੇ 120 ਡਾਲਰ ਦੀ ਬਚਤ ਹੋਵੇਗੀ।

ਫੋਰਡ ਵੱਲੋਂ ਇਹ ਐਲਾਨ ਰਿਚਮੰਡ ਹਿੱਲ ਉੱਤੇ ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ, ਗਵਰਮੈਂਟ ਐਂਡ ਕੰਜ਼ਿਊਮਰ ਸਰਵਿਸਿਜ਼ ਮੰਤਰੀ ਰੌਸ ਰੋਮਾਨੋ ਤੇ ਐਸੋਸਿਏਟ ਮਨਿਸਟਰ ਆਫ ਸਮਾਲ ਬਿਜ਼ਨਸ ਐਂਡ ਰੈੱਡ ਟੇਪ ਰਿਡਕਸ਼ਨ ਨੀਨਾ ਟਾਂਗਰੀ ਦੀ ਮੌਜੂਦਗੀ ਵਿੱਚ ਕੀਤਾ ਗਿਆ। ਮੰਗਲਵਾਰ ਨੂੰ ਨਿਊਜ਼ ਕਾਨਫਰੰਸ ਵਿੱਚ ਗੱਲ ਕਰਦਿਆਂ ਫੋਰਡ ਨੇ ਆਖਿਆ ਕਿ ਸਰਕਾਰ ਮਾਰਚ 2020 ਤੋਂ ਅਦਾ ਕੀਤੀ ਗਈ ਲਾਇਸੈਂਸ ਪਲੇਟ ਰਿਨਿਊਅਲ ਫੀਸ ਲਈ ਓਨਟਾਰੀਓ ਦੇ ਡਰਾਈਵਰਾਂ ਨੂੰ ਰੀਫੰਡ ਮੁਹੱਈਆ ਕਰਾਵੇਗੀ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਰੀਫੰਡ 7.5 ਮਿਲੀਅਨ ਰੈਜ਼ੀਡੈਂਟਸ ਤੋਂ ਵੀ ਵੱਧ ਨੂੰ ਹਾਸਲ ਹੋਣਗੇ। ਇਹ ਰੀਫੰਡ ਹਾਸਲ ਕਰਨ ਲਈ ਡਰਾਈਵਰਾਂ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਪ੍ਰੋਵਿੰਸ਼ੀਅਲ ਵੈੱਬਸਾਈਟ ਉੱਤੇ ਉਨ੍ਹਾਂ ਦੇ ਪਤੇ ਅਪਡੇਟ ਹੋਣ ਤੇ ਉਨ੍ਹਾਂ ਵੱਲੋਂ 7 ਮਾਰਚ ਤੱਕ ਕਿਸੇ ਵੀ ਤਰ੍ਹਾਂ ਦੀਆਂ ਟਰੈਫਿਕ ਟਿਕਟਾਂ ਦਾ ਭੁਗਤਾਨ ਕਰ ਦਿੱਤਾ ਗਿਆ ਹੋਵੇ। ਸਰਕਾਰ ਵੱਲੋਂ ਲਾਇਸੈਂਸ ਪਲੇਟਾਂ ਦੀ ਵੈਲੀਡੇਸ਼ਨ ਦਾ ਸਮਾਂ 31 ਮਾਰਚ ਤੱਕ ਵਧਾ ਦਿੱਤਾ ਗਿਆ ਹੈ।

# ਸਕੂਲਾਂ ਲਈ ਓਨਟਾਰੀਓ ਸਰਕਾਰ ਨੇ 49,000 ਹੈਪਾ ਫਿਲਟਰ ਮੁਹੱਈਆ ਕਰਵਾਉਣ ਦਾ ਕੀਤਾ ਵਾਅਦਾ

ਓਨਟਾਰੀਓ, 23 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦਾ ਕਹਿਣਾ ਹੈ ਕਿ ਕੋਵਿਡ-19 ਖਿਲਾਫ ਬੱਚਿਆਂ ਨੂੰ ਹੋਰ ਜ਼ਿਆਦਾ ਪ੍ਰੋਟੈਕਸ਼ਨ ਲਈ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਸਕੂਲਾਂ ਤੇ ਚਾਈਲਡ ਕੇਅਰ ਸੈਂਟਰਾਂ ਨੂੰ ਹੈਪਾ ਫਿਲਟਰ ਮੁਹੱਈਆ ਕਰਵਾਏ ਜਾਣਗੇ।



ਸੋਮਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ 40,000 ਤੋਂ ਵੱਧ ਏਅਰ ਪਿਓਰੀਫਾਇਰਜ਼ ਸਕੂਲ ਬੋਰਡਜ਼ ਤੇ 9000 ਦੇ ਨੇੜੇ ਤੇੜੇ ਏਅਰ ਪਿਓਰੀਫਾਇਰਜ਼ ਚਾਈਲਡ ਕੇਅਰ ਸੈਟਿੰਗਜ਼ ਨੂੰ ਮੁਹੱਈਆ ਕਰਵਾਏ ਜਾਣਗੇ। ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਵੈਂਟੀਲੇਸ਼ਨ ਵਿੱਚ ਸੁਧਾਰ ਬੇਹੱਦ ਜ਼ਰੂਰੀ ਹੈ ਤੇ ਇਹ ਸਾਡੀ ਮੁੱਖ ਤਰਜੀਹ ਵੀ ਹੈ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਵੱਲੋਂ 73000 ਫਿਲਟਰਜ਼ ਤੇ ਹੋਰ ਵੈਂਟੀਲੇਸ਼ਨ ਡਿਵਾਈਸਿਜ਼ ਮੁਹੱਈਆ ਕਰਵਾਈਆਂ ਜਾਣਗੀਆਂ।

ਪ੍ਰੋਵਿੰਸ ਦਾ ਕਹਿਣਾ ਹੈ ਕਿ ਸਿੱਖਿਆ ਮੰਤਰਾਲਾ ਸਕੂਲ ਬੋਰਡਜ਼ ਤੇ ਚਾਈਲਡ ਕੇਅਰ ਸੈਂਟਰਜ਼ ਤੋਂ ਇਨ੍ਹਾਂ ਫਿਲਟਰਜ਼ ਦੀ ਡਲਿਵਰੀ ਤੇ ਫਿਲਟਰਜ਼ ਦੀ ਵਰਤੋਂ ਲਈ ਉਨ੍ਹਾਂ ਤੱਕ ਪਹੁੰਚ ਕਰੇਗੀ। ਇੱਕ ਅੰਦਾਜ਼ੇ ਮੁਤਾਬਕ ਇਸ ਨਵੀਂ ਵਚਨਬੱਧਤਾ ਨਾਲ ਪ੍ਰੋਵਿੰਸ ਵਿੱਚ ਇੱਕ ਮਿਲੀਅਨ ਬੱਚੇ ਪ੍ਰਭਾਵਿਤ ਹੋਣਗੇ।

# ਵੈਕਸੀਨ ਅਤੇ ਮਾਸਕ ਸਬੰਧੀ ਨੀਤੀਆਂ ਜਾਰੀ ਰੱਖਣਗੀਆਂ ਓਨਟਾਰੀਓ ਦੀਆਂ ਯੂਨੀਵਰਸਿਟੀਜ਼

ਓਨਟਾਰੀਓ, 23 ਫਰਵਰੀ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਸਰਕਾਰ ਦੇ ਮਹਾਂਮਾਰੀ ਸਬੰਧੀ ਪਾਬੰਦੀਆਂ ਹਟਾਏ ਜਾਣ ਦੇ ਬਾਵਜੂਦ ਕਈ ਕੈਨੇਡੀਅਨ ਯੂਨੀਵਰਸਿਟੀਜ਼ ਵੱਲੋਂ ਲਾਜ਼ਮੀ ਵੈਕਸੀਨੇਸ਼ਨ ਤੇ ਮਾਸਕ ਲਗਾਉਣ ਵਰਗੀਆਂ ਪਾਬੰਦੀਆਂ ਨੂੰ ਜਾਰੀ ਰੱਖਿਆ ਜਾ ਰਿਹਾ ਹੈ।




ਪਹਿਲੀ ਮਾਰਚ ਤੋਂ ਓਨਟਾਰੀਓ ਵੱਲੋਂ ਵੈਕਸੀਨ ਸਰਟੀਫਿਕੇਟ ਸਿਸਟਮ ਖ਼ਤਮ ਕੀਤਾ ਜਾ ਰਿਹਾ ਹੈ। ਉਸ ਦਿਨ ਤੋਂ ਪਬਲਿਕ ਸੈਟਿੰਗਜ਼ ਵਿੱਚ ਕਪੈਸਿਟੀ ਲਿਮਿਟ ਵੀ ਖ਼ਤਮ ਕੀਤੀ ਜਾ ਰਹੀ ਹੈ ਤੇ ਉਦੋਂ ਹੀ ਸਮਾਜਕ ਇੱਕਠਾਂ ਦੇ ਆਕਾਰ ਉੱਤੇ ਲੱਗੀਆਂ ਪਾਬੰਦੀਆਂ ਵੀ ਪੂਰੀ ਤਰ੍ਹਾਂ ਹਟਾਅ ਲਈਆਂ ਜਾਣਗੀਆਂ। ਪਰ ਹਾਲ ਦੀ ਘੜੀ ਮਾਸਕ ਲਾਉਣ ਸਬੰਧੀ ਨਿਯਮਾਂ ਨੂੰ ਬਰਕਰਾਰ ਰੱਖਿਆ ਜਾਵੇਗਾ।

ਪਿਛਲੇ ਹਫਤੇ ਓਨਟਾਰੀਓ ਦੇ ਉੱਘੇ ਡਾਕਟਰ ਨੇ ਆਖਿਆ ਸੀ ਕਿ ਪੋਸਟ ਸੈਕੰਡਰੀ ਸੰਸਥਾਵਾਂ ਵਿਖੇ ਵੈਕਸੀਨ ਨੀਤੀਆਂ ਦਾ ਮਕਸਦ ਹੱਲ ਹੋ ਚੁੱਕਿਆ ਹੈ ਤੇ ਇਨ੍ਹਾਂ ਨੂੰ ਹੁਣ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਸੀ ਕਿ ਇਹ ਨੀਤੀਆਂ ਵੀ ਪ੍ਰੋਵਿੰਸ ਦੇ ਵੈਕਸੀਨ ਸਰਟੀਫਿਕੇਟ ਸਿਸਟਮ ਦੇ ਨਾਲ ਹੀ ਅਗਲੇ ਹਫਤੇ ਖ਼ਤਮ ਹੋਣ ਜਾ ਰਹੀਆਂ ਹਨ।

ਪਰ ਓਨਟਾਰੀਓ ਦੀਆਂ ਕਈ ਯੂਨੀਵਰਸਿਟੀਜ਼ ਨੇ ਆਖਿਆ ਸੀ ਕਿ ਉਹ ਆਪਣੀਆਂ ਵੈਕਸੀਨੇਸ਼ਨ ਸਬੰਧੀ ਨੀਤੀਆਂ ਨੂੰ ਹਾਲ ਦੀ ਘੜੀ ਬਰਕਰਾਰ ਰੱਖਣਗੇ। ਲੰਡਨ, ਓਨਟਾਰੀਓ ਸਥਿਤ ਵੈਸਟਰਨ ਯੂਨੀਵਰਸਿਟੀ ਨੇ ਆਖਿਆ ਕਿ ਉਹ ਮੌਜੂਦਾ ਸਰਦ ਰੁੱਤ ਸਮੈਸਟਰ ਮੁੱਕਣ ਤੱਕ ਲਾਜ਼ਮੀ ਵੈਕਸੀਨੇਸ਼ਨ ਨਿਯਮ ਜਾਰੀ ਰੱਖਣਗੇ। ਇਸ ਦੌਰਾਨ ਟੋਰਾਂਟੋ ਦੀ ਯੌਰਕ ਯੂਨੀਵਰਸਿਟੀ ਨੇ ਵੀ ਇਹ ਆਖਿਆ ਹੈ ਕਿ ਉਹ ਆਪਣੇ ਵੈਕਸੀਨੇਸ਼ਨ ਤੇ ਮਾਸਕ ਸਬੰਧੀ ਨਿਯਮਾਂ ਵਿੱਚ ਕੋਈ ਤਬਦੀਲੀ ਨਹੀਂ ਕਰੇਗੀ।

ਯੂਨੀਵਰਸਿਟੀ ਆਫ ਗੁਐਲਫ ਨੇ ਵੀ ਸਾਫ ਕਰ ਦਿੱਤਾ ਹੈ ਕਿ ਉਹ ਵੀ ਇਸ ਵਿੰਟਰ ਸਮੈਸਟਰ ਦੇ ਅੰਤ ਤੱਕ ਵੈਕਸੀਨ ਸਬੰਧੀ ਨਿਯਮ ਨੂੰ ਬਰਕਰਾਰ ਰਖੇਗੀ। ਪਰ ਯੂਨੀਵਰਸਿਟੀ ਵੱਲੋਂ ਇਹ ਵੀ ਆਖਿਆ ਗਿਆ ਕਿ ਉਹ ਜਲਦ ਹੀ ਆਪਣੀ ਨੀਤੀ ਦਾ ਮੁਲਾਂਕਣ ਕਰੇਗੀ ਤੇ ਇਸ ਸਬੰਧੀ ਅਪਡੇਟ ਅਗਲੇ ਮਹੀਨੇ ਮੁਹੱਈਆ ਕਰਾਵੇਗੀ। ਇਸ ਤੋਂ ਇਲਾਵਾ ਯੂਨੀਵਰਸਿਟੀ ਆਫ ਟੋਰਾਂਟੋ ਸਮੇਤ ਓਨਟਾਰੀਓ ਦੇ ਕਈ ਹੋਰਨਾਂ ਸਕੂਲਾਂ ਵੱਲੋਂ ਵੀ ਇਹ ਆਖਿਆ ਗਿਆ ਹੈ ਕਿ ਉਹ ਕੋਵਿਡ-19 ਵੈਕਸੀਨ ਸਬੰਧੀ ਨੀਤੀਆਂ ਵਿੱਚ ਕੋਈ ਤਬਦੀਲੀ ਨਹੀਂ ਕਰਨਗੇ ਤੇ ਇਸ ਮੁੱਦੇ ਉੱਤੇ ਸਰਕਾਰ ਤੇ ਪਬਲਿਕ ਹੈਲਥ ਅਧਿਕਾਰੀਆਂ ਨਾਲ ਸਲਾਹ ਮਸ਼ਵਰਾ ਜਾਰੀ ਰੱਖਣਗੇ।

# ਪੀਅਰਸਨ ਏਅਰਪੋਰਟ ਲਾਗੇ ਡੀਜ਼ਲ ਨਾਲ ਭਰਿਆ ਟਰੱਕ ਪਲਟਿਆ, ਆਵਾਜਾਈ ਉੱਤੇ ਪਿਆ ਅਸਰ



ਟੋਰਾਂਟੋ, 23 ਫਰਵਰੀ (ਪੋਸਟ ਬਿਊਰੋ) : ਹਜ਼ਾਰਾਂ ਲੀਟਰ ਡੀਜ਼ਲ ਨਾਲ ਭਰੇ ਟਰੱਕ ਦੇ ਮੰਗਲਵਾਰ ਦੁਪਹਿਰ ਨੂੰ ਟੋਰਾਂਟੋ ਪੀਅਰਸਨ ਏਅਰਪੋਰਟ ਨੇੜੇ ਹਾਈਵੇਅ 427 ਉੱਤੇ ਪਲਟ ਜਾਣ ਕਾਰਨ ਕਈ ਘੰਟਿਆਂ ਤੱਕ ਆਵਾਜਾਈ ਉੱਤੇ ਅਸਰ ਪਿਆ।

ਓਨਟਾਰੀਓ ਦੀ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਦੁਪਹਿਰੇ 12:45 ਉੱਤੇ ਇਸ ਹਾਦਸੇ ਕਾਰਨ ਹਾਈਵੇਅ 427 ਤੇ ਹਾਈਵੇਅ 401 ਦੀਆਂ ਉੱਤਰ ਵਾਲੀਆਂ ਲੇਨਜ਼ ਬੰਦ ਕਰ ਦਿੱਤੀਆਂ ਗਈਆਂ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਟਰੱਕ ਪਲਟਣ ਤੋਂ ਬਾਅਦ ਉਸ ਵਿੱਚੋਂ ਲੀਕੇਜ ਸ਼ੁਰੂ ਹੋ ਗਈ। ਡਰਾਈਵਰ ਸਮੇਂ ਸਿਰ ਬਾਹਰ ਨਿਕਲ ਗਿਆ ਤੇ ਉਸ ਨੂੰ ਕੋਈ ਬਹੁਤੀ ਸੱਟ-ਫੇਟ ਵੀ ਨਹੀਂ ਲੱਗੀ।

ਸ਼ਮਿਡਟ ਨੇ ਦੱਸਿਆ ਕਿ ਤੇਲ ਦੀ ਲੀਕੇਜ ਰੋਕਣ ਲਈ ਫਾਇਰ ਡਿਪਾਰਟਮੈਂਟ ਵੱਲੋਂ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਪਰ ਤੇਲ ਦਾ ਰਿਸਾਅ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ। ਉਨ੍ਹਾਂ ਆਖਿਆ ਕਿ ਟਰੱਕ ਨੂੰ ਸਿੱਧਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਉਸ ਤੋਂ ਬਾਅਦ ਹੀ ਉਸ ਵਿੱਚ ਮੌਜੂਦ ਰਿਸਾਅ ਦੇ ਸਰੋਤ ਨੂੰ ਬੰਦ ਕਰਨ ਜਾਂ ਉਸ ਵਿੱਚੋਂ ਬਚਿਆ ਤੇਲ ਕੱਢਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਮੰਗਲਵਾਰ ਦੇਰ ਰਾਤ ਟਵੀਟ ਕਰਕੇ ਓਪੀਪੀ ਨੇ ਆਖਿਆ ਕਿ ਟਰੱਕ ਦੇ 52 ਸਾਲਾ ਡਰਾਈਵਰ ਨੂੰ ਲਾਪਰਵਾਹੀ ਨਾਲ ਡਰਾਈਵਿੰਗ ਕਰਨ ਲਈ ਚਾਰਜ ਕੀਤਾ ਗਿਆ ਹੈ।

# ਮਨੀ ਲਾਂਡਰਿੰਗ ਕੇਸ ਵਿੱਚ ਮਹਾਰਾਸ਼ਟਰ ਦਾ ਮੰਤਰੀ ਨਵਾਬ ਮਲਿਕ ਈ ਡੀ ਵੱਲੋਂ ਗ੍ਰਿਫ਼ਤਾਰ

ਮੁੰਬਈ, 23 ਫਰਵਰੀ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅੰਡਰਵਰਲਡ ਦੇ ਇੱਕਭਗੌੜੇ ਸਰਗਣੇ ਦਾਊਦ ਇਬਰਾਹੀਮ, ਉਸ ਦੇ ਸਹਿਯੋਗੀਆਂ ਅਤੇ ਮੁੰਬਈ ਅੰਡਰਵਰ-ਲਡ ਦੀਆਂ ਸਰਗਰਮੀਆਂ ਨਾਲ ਜੁੜੀ ਮਨੀ ਲਾਂਡਰਿੰਗ ਦੇ ਕੇਸਵਿੱਚਅੱਜ ਬੁੱਧਵਾਰ ਨੂੰ ਮਹਾਰਾਸ਼ਟਰ ਦੇ ਘੱਟ-ਗਿਣਤੀਆਂ ਬਾਰੇ ਮੰਤਰੀ ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨਸੀਪੀ) ਦੇ ਆਗੂ ਨਵਾਬ ਮਲਿਕ ਨੂੰ ਗ੍ਰਿਫ਼ਤਾਰ ਕਰ ਲਿਆ।



ਈ ਡੀ ਅਧਿਕਾਰੀਆਂ ਦੇ ਮੁਤਾਬਕ 62 ਸਾਲਾ ਨਵਾਬ ਮਲਿਕ ਨੂੰ ਸਵੇਰੇ ਕਰੀਬ ਅੱਠ ਵਜੇ ਪੁੱਛਗਿੱਛ ਕਰਨ ਲਈ ਦੱਖਣੀ ਮੁੰਬਈ ਵਾਲੇ ਈ ਡੀ ਦਫ਼ਤਰਲਿਆਂਦਾ ਗਿਆ ਸੀ, ਕਰੀਬ ਛੇ ਘੰਟੇ ਦੀ ਪੁੱਛਗਿੱਛ ਪਿੱਛੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀਆਰਪੀਐੱਫ) ਅਤੇ ਲੋਕਲ ਪੁਲਿਸ ਦੀ ਸੁਰੱਖਿਆ ਵਿੱਚ ਈਡੀ ਅਧਿਕਾਰੀਆਂ ਵੱਲੋਂ ਮੈਡੀਕਲ ਚੈੱਕਅਪ ਲਈ ਲਿਜਾਣ ਤੋਂ ਪਹਿਲਾਂ ਨਵਾਬ ਮਲਿਕ ਨੇ ਮੀਡੀਆ ਅੱਗੇ ਮੁਸਕੁਰਾ ਕੇ ਮੁੱਠੀ ਬੰਨ੍ਹੀ, ਹੱਥ ਹਿਲਾਇਆ ਤੇ ਗੱਡੀ ਦੇ ਅੰਦਰੋਂ ਕਿਹਾ, 'ਅਸੀਂ ਲੜਾਂਗੇ, ਜਿੱਤਾਂਗੇ ਤੇ ਸਭ ਨੂੰ ਬੇਨਕਾਬ ਕਰਾਂਗੇ।'

ਇਸ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਨਵਾਬ ਮਲਿਕ ਦਾ ਬਿਆਨ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐੱਮਐੱਲਏ) ਹੇਠ ਦਰਜ ਕੀਤਾ ਤੇ ਉਨ੍ਹਾਂ ਨੂੰ ਇਸੇ ਦੀਆਂ ਮਦਾਂ ਹੇਠ ਗ੍ਰਿਫ਼ਤਾਰ ਕੀਤਾ ਹੈ, ਕਿਉਂਕਿ ਉਹ ਜਵਾਬ ਦੇਣੋਂ ਬਚ ਰਹੇ ਸਨ। ਮੁੰਬਈਵਿੱਚਧਮਾਕਿਆਂ ਦੇ ਦੋਸ਼ੀਆਂ ਨਾਲ ਕੁਝ ਜਾਇਦਾਦਾਂ ਦੇ ਸੌਦੇਵਿੱਚ ਨਵਾਬ ਮਲਿਕ ਦੇ ਲਿੰਕ ਉੱਤੇ ਕੇਂਦਰੀ ਜਾਂਚ ਏਜੰਸੀ ਦੀ ਨਜ਼ਰ ਸੀ ਤੇ ਇਸੇ ਲਈ ਉਨ੍ਹਾਂ ਤੋਂ ਪੁੱਛਗਿੱਛ ਹੋਈ ਹੈ। ਈ ਡੀ ਦੀ ਇਹ ਕਾਰਵਾਈ ਨਵਾਂ ਕੇਸ ਦਰਜ ਕਰਨ ਤੇ ਦਾਊਦ ਦੇ ਸਾਥੀਆਂ ਨਾਲ ਜੁੜੇ ਗ਼ੈਰ-ਕਾਨੂੰਨੀ ਜਾਇਦਾਦ ਸੌਦਿਆਂ ਤੇ ਹਵਾਲਾ ਲੈਣ-ਦੇਣ ਸਮੇਤ ਅੰਡਰਵਰਲਡ ਦੀਆਂ ਸਰਗਰਮੀਆਂ ਦੇ ਕੇਸਵਿੱਚ 15 ਫਰਵਰੀ ਨੂੰ ਮੁੰਬਈਵਿੱਚ ਮਾਰੇ ਛਾਪਿਆਂ ਪਿੱਛੋਂ ਕੀਤੀ ਗਈ ਹੈ। ਇਹ ਛਾਪੇ 10 ਥਾਂ ਮਾਰੇ ਗਏ ਸਨ, ਜਿਨ੍ਹਾਂਵਿੱਚ ਦਾਊਦ ਦੀ ਮਰਹੂਮ ਭੈਣ ਹਸੀਨਾ ਪਾਰਕਰ, ਭਰਾ ਇਕਬਾਲ ਕਾਸਕਰ, ਸਲੀਮ ਕੁਰੈਸ਼ੀ ਉਰਫ਼ ਸਲੀਮ ਫਰੂਟ ਤੇ ਗੈਂਗਸਟਰ ਛੋਟਾ ਸ਼ਕੀਲ ਦੇ ਇਕ ਰਿਸ਼ਤੇਦਾਰ ਦੇ ਕੰਪਲੈਕਸ ਸ਼ਾਮਲ ਸਨ।















## ਅੱਜ ਨਾਮਾ

ਲੱਗਦਾ ਰੂਸ-ਅਮਰੀਕਾ ਦਾ ਪਊ ਰੱਫੜ,
ਚੱਲਣਾ ਭਾਰਤ ਨੂੰ ਸੋਚ ਕੇ ਚਾਹੀਦਾ ਈ।
ਭਿੜਦੇ ਹੋਣ ਜਦ ਸਾਊ ਜਿਹੇ ਦੋ ਸੱਜਣ,
ਵੇਲਾ ਵੇਖ ਹਟਾਉਣ ਲਈ ਜਾਈਦਾ ਈ।
ਪਾਸਿਆਂ ਦੋਵਾਂ ਹਥਿਆਰ ਜੇ ਹੋਣ ਚੁੱਕੇ,
ਸੱਟ ਤੋਂ ਆਪਣਾ-ਆਪ ਬਚਾਈਦਾ ਈ।
ਐਵੇਂ ਰੱਫੜ ਵਿੱਚ ਪੈਣ ਦੀ ਲੋੜ ਨਾਹੀਂ,
ਲੋੜ ਤੋਂ ਬਿਨਾਂ ਨਾ ਸਿਰ ਫਸਾਈਦਾ ਈ।
ਲੜਦਾ ਕੋਈ ਆ ਕਿਸੇ ਨਾਲ ਲੜੀ ਜਾਵੇ,
ਆਪਣੇ ਟੱਬਰ ਲਈ ਸੁੱਖ ਮਨਾਈਦੀ ਊ।
ਉੱਡਦੀ ਕੋਈ ਚਿੰਗਾੜੀ ਨਾ ਆਏ ਏਧਰ,
ਏਸੇ ਉੱਪਰ ਬੱਸ ਨਜ਼ਰ ਟਿਕਾਈਦੀ ਊ।

**ਤੀਸ ਮਾਰ ਖਾਂ**

# ਡੇਰਾ ਮੁਖੀ ਨੂੰ ਜ਼ੈੱਡ ਪਲੱਸ ਸੁਰੱਖਿਆ: ਮੁੱਖ ਮੰਤਰੀ ਖੱਟਰ ਅਤੇ ਗ੍ਰਹਿ ਮੰਤਰੀ ਵਿੱਜ ਦੇ ਬਿਆਨ ਆਪਸ ਵਿੱਚ ਮੇਲ ਨਹੀਂ ਖਾਂਦੇ

### * ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਤੇ ਪਟੀਸ਼ਨਰ ਨੂੰ ਨਵੇਂ ਆਦੇਸ਼

ਚੰਡੀਗੜ੍ਹ, 23 ਫਰਵਰੀ, (ਪੋਸਟ ਬਿਊਰੋ)- ਹਰਿਆਣਾ ਦੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮਨੂੰ ਜ਼ੈੱਡ ਪਲੱਸਸੁਰੱਖਿਆ ਦੇਣ ਦੇ ਕੇਸ ਵਿਚ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਜਿਹੜਾ ਬਿਆਨ ਦਿੱਤਾ ਹੈ, ਉਸ ਨਾਲ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਕਟਹਿਰੇ ਵਿਚ ਖੜਾ ਕਰ ਦਿੱਤਾ ਹੈ।

ਅੱਜ ਏਥੇ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਕਿਹਾ ਕਿ ਡੇਰਾ ਮੁਖੀ ਦੀ ਜਾਨ ਨੂੰ ਖ਼ਤਰਾ ਤੇ ਜ਼ੈੱਡ ਪਲੱਸਸੁਰੱਖਿਆ ਦੇਣ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ, ਪਰ ਉਨ੍ਹਾਂ ਨੇ ਡੇਰਾ ਮੁਖੀ ਨੂੰ ਫਰਲੋ ਦਿੱਤੇ ਜਾਣ ਨੂੰ ਹਰ ਕੈਦੀ ਦਾ ਅਧਿਕਾਰ ਦੱਸਿਆ ਹੈ। ਵਿੱਜ ਨੇ ਫਰਲੋ ਅਤੇ ਪੈਰੋਲ ਦੇਣ ਦੇ ਕੇਸ ਵਿੱਚ ਸਰਕਾਰ ਦਾ ਪੱਖ ਪੂਰਿਆ ਹੈ, ਪਰ ਜ਼ੈੱਡ ਪਲੱਸਸੁਰੱਖਿਆ ਦੇਣ ਦੇ ਮੁੱਦੇ ਉੱਤੇਉਸ ਨੇ ਮੁੱਖ ਮੰਤਰੀ ਮਨੋਹਰ ਲਾਲ ਖੱਟਰਨੂੰ ਫਸਾਉਣ ਵਾਲਾ ਬਿਆਨ ਦੇ ਦਿੱਤਾ। ਉਸ ਦੇ ਇਸ ਬਿਆਨ ਨਾਲ ਹਰਿਆਣਾ ਸਰਕਾਰ ਦੀ ਸਥਿਤੀ ਹਾਸਹੋਣੀ ਹੋ ਗਈ ਹੈ।

ਰਾਜ ਦੇ ਗ੍ਰਹਿ ਮੰਤਰੀ ਅਨਿਲ ਵਿਜ ਵੱਲੋਂ ਇਹ ਕਹਿਣ ਕਿ ਡੇਰਾ ਮੁਖੀ ਨੂੰ ਜ਼ੈੱਡ ਪਲੱਸ ਸੁਰੱਖਿਆ ਦੇਣ ਦਾ ਉਸ ਨੂੰ ਪਤਾ ਹੀ ਨਹੀਂ ਅਤੇ ਇਸ ਬਾਰੇ ਸਿਰਫ ਮੁੱਖ ਮੰਤਰੀ ਨੂੰ ਪਤਾ ਹੋਵੇਗਾ, ਦੇ ਬਾਅਦ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਹਰਿਆਣਾ ਸਰਕਾਰ ਉੱਤੇ ਨਿਸ਼ਾਨੇਸਾਧੇ ਹਨ।ਦੂਸਰੇ ਪਾਸੇ ਮੁੱਖ ਮੰਤਰੀ ਮਨੋਹਰ ਲਾਲ ਨੇ ਆਪਣੇ ਗ੍ਰਹਿ ਮੰਤਰੀ ਅਨਿਲ ਵਿੱਜ ਦੇ ਬਿਆਨ ਪਿੱਛੋਂ ਸਪੱਸ਼ਟ ਕੀਤਾ ਕਿ ਸਰਕਾਰ ਨੂੰ ਡੇਰਾ ਮੁਖੀ ਦੀ ਜਾਨ ਨੂੰ ਖ਼ਤਰਾ ਹੋਣ ਬਾਰੇ ਜਾਣਕਾਰੀ ਮਿਲੀ ਸੀ, ਇਸ ਪਿੱਛੋਂ ਸੁਰੱਖਿਆ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹਰ ਵਿਅਕਤੀ, ਚਾਹੇ ਉਹ ਕੈਦੀ ਹੋਵੇ, ਦੀ ਸੁਰੱਖਿਆ ਕਰਨਾ ਰਾਜ ਸਰਕਾਰ ਦਾ ਫ਼ਰਜ਼ ਹੈ।ਮੁੱਖ ਮੰਤਰੀ ਨੇ ਕਿਹਾ ਕਿ ਡੇਰਾ ਮੁਖੀ ਨੂੰ ਖ਼ੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਦੇ ਮੁਤਾ-ਬਕ ਹੀ ਸੁਰੱਖਿਆਦਿੱਤੀ ਗਈ ਹੈ ਅਤੇ ਕੁਝ ਵੀ ਗਲਤ ਨਹੀਂ ਕੀਤਾ ਗਿਆ।

ਵਰਨਣ ਯੋਗ ਹੈ ਕਿ ਗ੍ਰਹਿ ਮੰਤਰੀ ਅਨਿਲ ਵਿੱਜ ਅਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਸਬੰਧ ਸੁਖਾਵੇਂ ਕਦੀ ਨਹੀਂ ਰਹੇ। ਪਹਿਲਾਂ ਵੀ ਕਈ ਗੱਲਾਂ ਵਿੱਚ ਅਨਿਲ ਵਿੱਜ ਅਤੇ ਮਨੋਹਰ ਲਾਲ ਖੱਟਰ ਆਹਮੋ ਸਾਹਮਣੇ ਹੋ ਚੁੱਕੇ ਹਨ। ਓਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ



ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅੱਜ ਹਰਿਆਣਾ ਦੀ ਭਾਜਪਾ ਸਰਕਾਰ ਦੀ ਕਾਰਜਸ਼ੈਲੀ ਉੱਤੇ ਸਵਾਲ ਕਰਦਿਆਂ ਕਿਹਾ ਕਿ ਪਹਿਲਾਂ ਡੇਰਾ ਮੁਖੀ ਨੂੰ ਫਰਲੋ ਦਿੱਤੀ ਤੇ ਫਿਰ ਜ਼ੈੱਡ ਪਲੱਸਸੁਰੱਖਿਆ ਦੇ ਦਿੱਤੀ ਹੈ। ਧਾਮੀ ਨੇ ਕਿਹਾ ਕਿ ਜਿਹੜਾ ਵਿਅਕਤੀ ਜੇਲ੍ਹ ਵਿਚ ਰੱਖਣਾ ਹੈ, ਉਸ ਨੂੰ ਸੁਰੱਖਿਆ ਕਿਉਂ ਦੇਣੀਪਈ ਹੈ? ਉਨ੍ਹਾਂ ਕਿਹਾ ਕਿ ਸਿੱਖ ਕੈਦੀਆਂ ਨੂੰ ਪੈਰੋਲ ਨਹੀਂ ਦਿੱਤੀ ਜਾਂਦੀ, ਪਰ ਬਲਾਤਕਾਰ ਅਤੇ ਕਤਲ ਕਰਨ ਦੇ ਕੇਸਾਂ ਵਿੱਚ ਦੋਸ਼ੀ ਮੰਨੇ ਜਾ ਚੁੱਕੇ ਵਿਅਕਤੀ ਨੂੰ ਫਰਲੋ ਅਤੇ ਸੁਰੱਖਿਆਦਿੱਤੀ ਗਈ ਹੈ।

ਤੀਸਰੇ ਪਾਸੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਫਰਲੋ ਤੋਂ ਬਾਅਦ ਹਰਿਆਣਾ ਸਰਕਾਰ ਵੱਲੋਂ ਉਸ ਨੂੰ ਜ਼ੈੱਡ ਪਲਸ ਸੁਰੱਖਿਆਦੇਣ ਦੇ ਕੇਸਦੀ ਅਗਲੀ ਸੁਣਵਾਈ 25 ਫਰਵਰੀ ਨੂੰ ਹੋਵੇਗੀ। ਅੱਜ ਬੁੱਧਵਾਰ ਨੂੰ ਪੰਜਾਬਅਤੇ ਹਰਿਆਣਾ ਹਾਈ ਕੋਰਟ ਵਿੱਚਇਸ ਬਾਰੇ ਦਾਇਰ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਹਰਿਆਣਾ ਸਰਕਾਰ ਤੇ ਪਟੀਸ਼ਨਰ ਨੂੰ ਹਾਈ ਕੋਰਟ ਨੇ ਕੇਸਬਾਰੇ ਕੁਝ ਜੱਜਮੈਂਟਾਂ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਇਸ ਤੋਂ ਪਹਿਲਾਂ ਇਹ ਗੱਲ ਪਤਾ ਲੱਗੀ ਸੀ ਕਿ ਹਰਿਆਣਾ ਸਰਕਾਰ ਨੇ ਡੇਰਾ ਮੁਖੀ ਦੀ ਜਾਨ ਨੂੰ ਖਤਰੇ ਕਾਰਨ ਜ਼ੈੱਡ ਪਲਸ ਸ੍ਰੇਣੀ ਦੀ ਸੁਰੱਖਿਆਦਿੱਤੀ ਹੈ। ਇਸ ਬਾਰੇ ਹਰਿਆਣਾ ਸਰਕਾਰ ਉੱਤੇ ਸਵਾਲ ਉਠਾਏ ਗਏ ਸਨ। ਕੋਰਟ ਨੂੰ ਹਰਿਆਣਾ ਸਰਕਾਰ ਨੇ ਦੱਸਿਆ ਕਿ ਡੇਰਾ ਮੁਖੀ ਦੀ ਜਾਨ ਨੂੰ ਖਾਲਿਸਤਾਨੀਆਂ ਤੋਂ ਖ਼ਤਰਾ ਹੋਣ ਕਾਰਨ ਸਖ਼ਤ ਸੁਰੱਖਿਆਦਿੱਤੀ ਗਈ ਹੈ। ਚਰਚਾ ਦਾ ਕੇਂਦਰ ਬਣਿਆ ਡੇਰਾ ਸੱਚਾ ਸੌਦਾ ਸਿਰਸਾ ਦਾ ਮੁਖੀ ਗੁਰਮੀਤ ਰਾਮ ਰਹੀਮ ਰੋਹਤਕ ਵਾਲੀ ਸੁਨਾਰੀਆ ਜੇਲ੍ਹ ਵਿਚ ਤਿੰਨ ਵੱਖ-ਵੱਖਕੇਸਾਂਦੀ ਸਜ਼ਾ ਭੁਗਤ ਰਿਹਾ ਹੈ। ਹਰਿਆਣਾ ਸਰਕਾਰ ਨੇ ਪੰਜਾਬ ਅਸੈਂਬਲੀ ਚੋਣਾਂ ਤੋਂ ਪਹਿਲਾਂ ਉਸ ਨੂੰ 21 ਦਿਨਾਂ ਲਈ ਫਰਲੋ ਦਿੱਤੀ ਸੀ ਅਤੇ ਉਸ ਦੀ ਫਰਲੋ 28 ਫਰਵਰੀ ਨੂੰ ਖ਼ਤਮ ਹੋ ਰਹੀ ਹੈ।

# ਰੂਸ-ਯੂਕਰੇਨ ਸੰਕਟ ਵਧਿਆ, ਰੂਸ ਨੇ ਯੂਕਰੇਨ ਵਿਚਲਾ ਆਪਣਾ ਦੂਤਘਰ ਸਮੇਟਿਆ

### * ਯੂਰਪੀ ਯੂਨੀਅਨ ਵੱਲੋਂ ਰੂਸੀ ਅਫਸਰਾਂ, ਕੰਪਨੀਆਂ ਆਦਿ ਉੱਤੇ ਪਾਬੰਦੀਆਂ



ਕੀਵ, 23 ਫਰਵਰੀ, (ਪੋਸਟ ਬਿਊਰੋ)- ਰੂਸ ਦੀ ਸਰਕਾਰੀ ਖਬਰ ਏਜੰਸੀ ਤਾਸ ਨੇ ਅੱਜ ਬੁੱਧਵਾਰ ਇਹਖਬਰ ਦਿੱਤੀ ਹੈ ਕਿ ਰੂਸ ਨੇ ਯੂਕਰੇਨਵਾਲਾ ਆਪਣਾ ਦੂਤਘਰ ਖਾਲੀ ਕਰ ਦਿੱਤਾ ਹੈ।ਦੂਸਰੇ ਪਾਸੇ ਯੂਕਰੇਨ ਨੇ ਆਪਣੇ ਨਾਗਰਿਕਾਂ ਨੂੰ ਰੂਸ ਛੱਡਣ ਨੂੰ ਕਹਿ ਦਿੱਤਾ ਹੈ।ਰੂਸ ਦਾ ਦੂਤਘਰ ਯੂਕਰੇਨ ਦੀ ਰਾਜਧਾਨੀ ਕੀਵਵਿੱਚਅਤੇ ਦੂਸਰੇ ਸ਼ਹਿਰਾਂ ਖਾਰਕੀਵ, ਉਡੇਸਾ ਅਤੇ ਲਵੀਵਵਿੱਚਰੂਸ ਦੇ ਵਪਾਰਕ ਕੌਂਸਲੇਟ ਹਨ। ਤਾਸ ਏਜੰਸੀ ਦੀ ਖ਼ਬਰਵਿੱਚ ਕਿਹਾ ਗਿਆ ਹੈ ਕਿ ਰੂਸ ਨੇ ਯੂਕਰੇਨਵਿਚਲੇ ਆਪਣੇ ਸਾਰੇ ਡਿਪਲੋਮੈਟ ਅਦਾਰਿਆਂ ਨੂੰ ਅੱਜ ਖਾਲੀ ਕਰ ਦਿੱਤਾ ਹੈ।

ਇਸ ਦੌਰਾਨ ਰਾਜਧਾਨੀ ਕੀਵਤੋਂ ਐਸੋਸੀਏਟਡ ਪ੍ਰੈੱਸ ਦੇ ਪੱਤਰਕਾਰ ਨੇ ਰਿਪੋਰਟ ਭੇਜੀ ਹੈ ਕਿ ਕੀਵਵਿੱਚਰੂਸ ਦੇ ਦੂਤਘਰ ਉੱਤੇ ਝੰਡਾ ਨਹੀਂ ਲੱਗਾ, ਜਿਸ ਦਾ ਅਰਥ ਹੈ ਕਿ ਖਾਲੀ ਕਰ ਦਿੱਤਾ ਗਿਆ ਹੈ।ਦੂਸਰੇ ਪਾਸੇ ਅੱਜ ਯੂਕਰੇਨੀ ਅਧਿਕਾਰੀਆਂ ਨੇ ਕਈ ਹਫ਼ਤਿਆਂ ਤੱਕਚੁੱਪ ਰਹਿਣ ਦੀ ਕੋਸ਼ਿਸ਼ ਤੋਂ ਬਾਅਦਚਿੰਤਾ ਵਧਣ ਦਾ ਸੰਕੇਤ ਦਿੱਤ-ਅਤੇ ਤੇਜ਼ੀ ਨਾਲ ਵਿਗੜਦੀ ਸਥਿਤੀ ਦੌਰਾਨ ਅੱਜਯੂਕਰੇਨ ਦੀ ਨੈਸ਼ਨਲ ਸਕਿਓਰਟੀ ਐਂਡ ਡਿਫੈਂਸ ਕੌਂਸਲ ਦੇ ਮੁਖੀ ਨੇ ਦੇਸ਼ ਵਿਆਪੀ ਐਮਰਜੈਂਸੀ ਦੀ ਸਥਿਤੀ ਦੀ ਮੰਗ ਕੀਤੀ ਹੈ, ਜਿਸ ਨੂੰ ਸਰਕਾਰ ਨੇ ਸਹਿਮਤੀ ਦੇ ਦਿੱਤੀ ਹੈ।

ਓਧਰ ਬ੍ਰਸੇਲਜ਼ ਵਿੱਚ ਯੂਰਪੀਨ ਯੂਨੀਅਨ (ਈ ਯੂ) ਨੇਰੂਸ ਦੇ ਸੀਨੀਅਰ ਸਰਕਾਰੀ ਅਫਸਰਾਂ, ਕਈ ਕੰਪਨੀਆਂ ਤੇ ਦੱਖਣੀ ਪੂਰਬੀ ਯੂਕਰੇਨ ਦੇ ਵੱਖਵਾਦੀ ਹਿੱਸਿਆਂ ਦੀ ਆਜ਼ਾਦ ਦੇਸ਼ ਵਜੋਂ ਮਾਨਤਾ ਦੇਣ ਦੇ ਪੱਖਵਿੱਚ ਵੋਟਿੰਗ ਕਰ ਚੁੱਕੇ ਰੂਸ ਦੇ ਸੈਂਕੜੇਪਾਰਲੀਮੈਂਟ ਮੈਂਬਰਾਂ ਉੱਤੇ ਪਾਬੰਦੀਆਂ ਲਾ ਦਿੱਤੀਆਂ ਹਨ।ਇਨ੍ਹਾਂ ਪਾਬੰਦੀਆਂ ਦੀ ਸੂਚੀਵਿਚਲੇ ਲੋਕਾਂ ਤੇ ਕੰਪਨੀਆਂ ਦੀਆਂ ਜਾਇਦਾਦਾਂ ਫ੍ਰੀਜ਼ ਕੀਤੀਆਂ ਗਈਆਂ ਹਨ ਤੇ ਉਨ੍ਹਾਂ ਦੇ ਈਯੂ ਦੇ 27 ਦੇਸ਼ਾਂਵਿੱਚ ਯਾਤਰਾ ਕਰਨ ਉੱਤੇ ਪਾਬੰਦੀ ਲਾਈ ਗਈ ਹੈ। ਈ ਯੂ ਨੇ ਸੰਕੇਤ ਦਿੱਤਾ ਹੈ ਕਿ ਜੇ ਰੂਸੀ ਰਾਸ਼ਟਰਪਤੀ ਵਲਾਦੀਮਿਰ ਪੁਤਿਨ ਨੇ ਯੂਕਰੇਨ ਵਿਰੁੱਧ ਹੋਰ ਕੋਈ ਕਾਰਵਾਈ ਕੀਤੀ ਜਾਂ ਉਸ ਦੇ ਅੰਦਰ ਹੋਰ ਫੌਜਾਂ ਭੇਜੀਆਂ ਤਾਂ ਪਾਬੰਦੀ ਹੋਰ ਸਖ਼ਤ ਕੀਤੀ ਜਾ ਸਕਦੀ ਹੈ।ਈ ਯੂ ਦੇ ਮੁੱਖ ਦਫ਼ਤਰ ਨੇ ਦੱਸਿਆ ਕਿ ਈ ਯੂਅੱਜ ਨਵੇਂ ਐਲਾਨ ਕੀਤੇ ਗਏ ਦੋਨੇਤਸਕ ਤੇ ਲੁਹਾਂਸਕ ਦੇ ਦੇਸ਼ਾਂ ਦੀ ਆਜ਼ਾਦੀ ਲਈ ਵੋਟਿੰਗ ਕਰਨ ਵਾਲੀ ਰੂਸੀ ਪਾਰਲੀਮੈਂਟ (ਸਟੇਟ ਡਿਊਮਾ) ਦੇ 351 ਮੈਂਬਰਾਂ ਉੱਤੇ ਲਾਗੂ ਹੋਈਆਂ ਪਾਬੰਦੀਆਂ ਵਿੱਚ ਵਾਧਾ ਕਰੇਗਾ। ਇਸ ਨੇ ਕਿਹਾ ਕਿ ਇਨ੍ਹਾਂ ਤੋਂ ਇਲਾਵਾ ਯੂਕਰੇਨ ਦੀ ਖੇਤਰੀ ਅਖੰਡਤਾ, ਪ੍ਰਭੂਸੱਤਾ ਤੇ ਆਜ਼ਾਦੀ ਨੂੰ ਕਮਜ਼ੋਰ ਕਰਨ ਜਾਂ ਖ਼ਤਰੇਵਿੱਚ ਪਾਉਣ ਵਾਲੇ ਸਰਕਾਰੀ ਅਫਸਰਾਂ, ਬੈਂਕਾਂ ਤੇ ਕਾਰੋਬਾਰੀਆਂ ਅਤੇ ਵੱਡੇ ਫੌਜੀ ਅਫਸਰਾਂ ਸਮੇਤ 27 ਲੋਕਾਂ ਅਤੇ ਸੰਸਥਾਵਾਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ।

ਇਸ ਦੌਰਾਨ ਅਮਰੀਕਾ ਵਿਚ ਰੂਸ ਦੇ ਰਾਜਦੂਤ ਅਨਾਤੋਲੀ ਐਂਟੋਨੋਵ ਨੇ ਅੱਜ ਬੁੱਧਵਾਰ ਨੂੰ ਕਿਹਾ ਕਿ ਰੂਸ ਵਿਰੁੱਧ ਪਾਬੰਦੀਆਂ ਗਲੋਬਲ ਵਿੱਤੀ, ਊਰਜਾ ਬਾਜ਼ਾਰਾਂ ਅਤੇ ਨਾਗਰਿਕਾਂ ਦਾ ਨੁਕਸਾਨ ਕਰਨਗੀਆਂ।ਰੂਸੀ ਦੂਤਘਰ ਦੇ ਫੇਸਬੁੱਕ ਪੇਜ ਉੱਤੇ ਰਾਜਦੂਤ ਨੇ ਕਿਹਾ ਕਿ ਪਾਬੰਦੀਆਂ ਨਾਲ ਕੋਈ ਹੱਲ ਨਹੀਂ ਹੋਵੇਗਾ ਅਤੇ ਇਹ ਸੋਚਣਾ ਔਖਾ ਹੈ ਕਿ ਅਮਰੀਕਾ ਪਾਬੰਦੀਆਂ ਦੇ ਖਤਰੇ ਹੇਠ ਆਪਣੀ ਵਿਦੇਸ਼ ਨੀਤੀ ਦੀ ਪਰਖ ਲਈ ਰੂਸ ਉੱਤੇ ਭਰੋਸਾ ਕਰਦਾ ਹੈ।ਉਨ੍ਹਾ ਕਿਹਾ ਕਿ 'ਮੈਨੂੰ ਇਕ ਵੀ ਦਿਨ ਯਾਦ ਨਹੀਂ, ਜਦੋਂ ਰੂਸ ਪੱਛਮੀ ਦੇਸ਼ਾਂ ਦੀ ਕਿਸੇ ਨਾ ਕਿਸੇ ਪਾਬੰਦੀ ਦੇ ਬਿਨਾਂ ਰਿਹਾ ਹੈ। ਅਸੀਂ ਸਿੱਖਿਆ ਹੋਇਆ ਹੈ ਕਿ ਇਸ ਹਾਲਤ ਵਿੱਚ ਕਿਵੇਂ ਚੱਲਣਾ ਹੈ ਅਤੇ ਨਾ ਸਿਰਫ਼ ਜ਼ਿੰਦਾ ਰਹਿਣਾ, ਸਗੋਂ ਵਿਕਾਸ ਕਰਨਾ ਹੈ।' ਉਨ੍ਹਾ ਕਿਹਾ ਕਿ ਇਸ ਵਿੱਚ ਸ਼ੱਕ ਨਹੀਂ ਕਿ ਸਾਡੇ ਵਿਰੁੱਧ ਪਾਬੰਦੀਆਂ ਗਲੋਬਲ ਵਿੱਤੀ ਅਤੇ ਊਰਜਾ ਬਾਜ਼ਾਰਾਂ ਦਾ ਨੁਕਸਾਨ ਵੀ ਕਰਨਗੀਆਂ। ਅਮਰੀਕਾ ਉੱਤੇ ਵੀ ਇਸ ਦਾ ਅਸਰ ਹੋਵੇਗਾ, ਜਿੱਥੇ ਆਮ ਲੋਕਾਂ ਵਧਦੀਆਂ ਕੀਮਤਾਂ ਤੋਂ ਪ੍ਰਭਾਵਤ ਹੋਣਗੇ।

# ਚੰਡੀਗੜ੍ਹ ਵਿੱਚ ਬਿਜਲੀ ਕਾਮਿਆਂ ਦੀ ਹੜਤਾਲ ਖਤਮ, ਬਿਜਲੀ ਬਹਾਲ

ਚੰਡੀਗੜ੍ਹ, 23 ਫਰਵਰੀ, (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਦੇ ਸ਼ਹਿਰ ਚੰਡੀਗੜ੍ਹ ਵਿੱਚ ਕਰੀਬ 2 ਦਿਨਾਂ ਤੋਂ ਬਿਜਲੀ ਨਹੀਂ ਸੀ, ਅੱਜ 2 ਦਿਨਾਂ ਪਿੱਛੋਂ ਬਿਜਲੀ ਕਾਮਿਆਂ ਨੇ ਹੜਤਾਲ ਬੰਦ ਕਰਨ ਦਾ ਐਲਾਨ ਕੀਤਾ ਹੈ। ਇਸ ਮੌਕੇ ਚੰਡੀਗੜ੍ਹ ਪ੍ਰਸ਼ਾਸਨ ਨੇ ਜਾਣਕਾਰੀ ਦਿਤੀ ਕਿ ਸ਼ਹਿਰ ਵਿੱਚ ਅੱਜ ਬੁੱਧਵਾਰ ਰਾਤ 10 ਵਜੇ ਤੱਕ ਬਿਜਲੀ ਬਹਾਲ ਕਰ ਦਿੱਤੀ ਗਈ ਹੈ ਅਤੇ ਸਾਰੇ ਨੁਕਸ ਜਲਦੀ ਦੂਰ ਕਰ ਦਿੱਤੇ ਜਾਣਗੇ।

ਬਿਜਲੀ ਕਾਮਿਆਂ ਦੀ ਯੂਨੀਅਨ ਦੇ ਪ੍ਰਧਾਨ ਗਿਆਨ ਸਿੰਘ ਨੇ ਕਿਹਾ ਹੈ ਕਿ ਅਸੀਂ ਚੰਡੀਗੜ੍ਹ ਵਾਸੀਆਂ ਤੋਂ ਮੁਆਫੀ ਮੰਗਦੇ ਹਾਂ ਕਿ ਅਸੀਂ 2 ਦਿਨ ਹੜਤਾਲ ਕੀਤੀ, ਪਰ ਬਿਜਲੀ ਸਪਲਾਈ ਵਿੱਚ ਵਿਘਨ ਵਿੱਚ ਸਾਡਾ ਹੱਥ ਨਹੀਂ।' ਗਿਆਨ ਸਿੰਘ ਨੇ ਦੱਸਿਆ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਪ੍ਰਾਈਵੇਟ ਕੰਪਨੀ ਨਾਲ ਸਮਝੌਤਾ ਪੱਤਰ(ਐਲਓਆਈ) ਜਾਰੀ ਕਰਨ ਦਾ ਫੈਸਲਾ ਟਾਲ ਦਿੱਤਾ ਹੈ। ਇਸ ਦੇ ਨਾਲ ਹਾਈਕੋਰਟ ਨੇ ਇਸ ਕੇਸ ਦੀ ਅਗਲੀ ਸੁਣਵਾਈ ਤੱਕ ਨਿੱਜੀਕਰਨ ਬਾਰੇ ਫੈਸਲਾ ਨਾ ਲੈਣ ਦਾ ਭਰੋਸਾ ਦਿੱਤਾ ਹੈ। ਚੰਡੀਗੜ੍ਹ ਪ੍ਰਸ਼ਾਸਨ ਵੀ ਸਮਝਦਾ ਹੈ ਕਿ ਮੁਲਾਜ਼ਮਾਂ ਨਾਲ ਜ਼ਿਆਦਤੀ ਨਹੀਂ ਹੋਣੀ ਚਾਹੀਦੀਅਤੇ ਅਦਾਲਤ ਜੋ ਫੈਸਲਾ ਕਰੇ, ਉਹ ਸਾਰਿਆਂ ਉੱਤੇ ਲਾਗੂ ਹੋਵੇਗਾ, ਇਸ ਲਈ ਸਾਨੂੰ ਅਦਾਲਤ ਦੇ ਫੈਸਲੇ ਦੀ ਉਡੀਕ ਕਰਨੀ ਪਵੇਗੀ। ਗਿਆਨ ਸਿੰਘ ਨੇ ਕਿਹਾ ਕਿ ਸਰਕਾਰ ਤੇ ਮੁਲਾਜ਼ਮ ਆਪਸਵਿੱਚ ਜੁੜੇ ਹੋਏ ਹਨ, ਪਰ ਜਦੋਂ ਗੱਲ ਨਹੀਂ ਸੁਣੀ ਜਾਂਦੀ ਤਾਂ ਸੰਘਰਸ਼ ਦਾ ਰਾਹ ਫੜਨਾ ਪੈਂਦਾ ਹੈ। ਸਰਕਾਰ ਨੇ ਗੱਲ ਸੁਣੀ ਹੈ, ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ। ਗਿਆਨ ਸਿੰਘ ਨੇ ਕਿਹਾ ਕਿ ਤੂਫ਼ਾਨ ਕਾਰਨ ਬਿਜਲੀ ਸਪਲਾਈ ਵਿੱਚ ਵਿਘਨ ਪਿਆ ਸੀ, ਅਸੀਂ ਕਾਫ਼ੀ ਹੱਦ ਤੱਕ ਬਿਜਲੀ ਬਹਾਲ ਕਰ ਦਿੱਤੀ ਹੈ। ਹੋਰ ਥਾਂਈਂ ਵੀ ਜਲਦੀ ਹੀ ਬਿਜਲੀ ਸਪਲਾਈ ਬਹਾਲ ਕਰ ਦਿੱਤੀ ਜਾਵੇਗੀ। ਸਾਡੇ ਮੁਲਾਜ਼ਮਾਂ ਨੇ ਕਦੇ ਵੀ ਬਿਜਲੀ ਸਪਲਾਈਵਿੱਚ ਵਿਘਨ ਨਹੀਂ ਪਾਇਆ, ਪਰ ਖਰਾਬ ਮੌਸਮ ਕਾਰਨ ਚੰਡੀਗੜ੍ਹ ਵਿੱਚ ਬਿਜਲੀ ਬੰਦ ਹੈ।ਚੰਡੀਗੜ੍ਹ ਪ੍ਰਸ਼ਾਸਨ ਨੇ ਆਖਿਆ ਕਿ ਅਸੀਂ ਬਿਜਲੀ ਬਹਾਲ ਕਰਨ ਲਈ ਫੌਜ ਤੋਂ ਮਦਦ ਮੰਗੀ ਸੀ ਅਤੇ ਬੀਤੀ ਸ਼ਾਮ ਫੌਜ ਦੀ ਮਦਦ ਮਿਲ ਗਈ ਸੀ। ਚੰਡੀਗੜ੍ਹ ਦੇ ਸਲਾਹਕਾਰ ਧਰਮਪਾਲ ਨੇ ਕਿਹਾ ਕਿ ਫੌਜੀ ਜਵਾਨ ਅਗਲਾ ਇੱਕ ਹਫਤਾ ਏਥੇ ਰਹਿਣਗੇ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARRANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਖੁਦਕੁਸ਼ੀਆਂ ਦੀ ਭੇਂਟ ਚੜ੍ਹਦੀ ਜਵਾਨੀ

ਮੰਨਿਆ ਜਾਂਦਾ ਹੈ ਕਿ ਇਸ ਸੰਸਾਰ ਵਿੱਚ 84 ਲੱਖ ਜੂਨਾਂ ਹਨ ਅਤੇ ਇਹਨਾਂ 84 ਲੱਖ ਜੂਨਾਂ ਵਿੱਚੋਂ ਮਨੁੱਖੀ ਜਾਮੇ ਨੂੰ ਸਰਵਸ੍ਰੇਸ਼ਟ ਮੰਨਿਆ ਜਾਂਦਾ ਹੈ। ਇੱਕ ਮਨੁੱਖ ਹੀ ਹੈ ਜਿਸ ਵਿੱਚ ਕਾਦਰ ਨੇ ਚੀਜ਼ਾਂ ਨੂੰ ਸਮਝਣ ਅਤੇ ਵਰਤਣ ਦੀ ਸੋਝੀ ਪਾਈ ਹੈ, ਭਾਵਨਾਵਾਂ ਨੂੰ ਸਮਝਣਾ, ਅਹਿਸਾਸਾਂ ਦੀਆਂ ਪੈੜਾਂ ਨੱਪਦਿਆਂ ਪਿਆਰ ਤੇ ਅਪਣੱਤਾਂ ਦਾ ਸੁਨੇਹਾ ਦੇਣਾ, ਖੁਸ਼ੀ ਗਮੀਂ ਨੂੰ ਵੇਖਣਾ ਤੇ ਹਾਲਾਤਾਂ ਅਨੁਸਾਰ ਕਦੇ ਖਿੜ ਖਿੜਾ ਹਾਸਿਆਂ ਦੀ ਬਾਤ ਪਾਉਂਣੀ ਅਤੇ ਕਦੇ ਦੁੱਖਾਂ ਦੇ ਭਾਰ ਨੂੰ ਹੰਝੂਆਂ ਦਾ ਸਹਾਰਾ ਲੈ ਹੌਲਿਆਂ ਕਰਨਾ ਸਭ ਮਨੁੱਖ ਦੇ ਹਿੱਸੇ ਆਇਆ ਹੈ। ਕਹਿਣ ਤੋਂ ਭਾਵ ਕਿ ਸੱਚਮੁੱਚ ਮਨੁੱਖ ਕੁਦਰਤ ਦੀ ਸਰਵਸ੍ਰੇਸਟ ਰਚਨਾ ਹੈ। ਜਿੰਦਗੀ ਦੁੱਖਾਂ ਤੇ ਤਕਲੀਫ਼ਾਂ ਦਾ ਸੁਮੇਲ ਹੈ, ਇਹ ਜਿਊਣ ਲਈ ਬਣੀ ਹੈ, ਤੰਗੀਆਂ ਤੁਰਸ਼ੀਆਂ ਹਾਸੇ ਠੱਠੇ ਸਭ ਜਿੰਦਗੀ ਦਾ ਅਹਿਮ ਹਿੱਸਾ ਹਨ , ਫਿਰ ਮਨੁੱਖ ਨੂੰ ਵੀ ਇਸ ਜਿੰਦਗੀ ਨੂੰ ਚੜਦੀਕਲਾ ਨਾਲ ਜਿਊਣਾ ਚਾਹੀਦਾ ਹੈ। ਪਰ ਕਈ ਵਾਰ ਖੁਦਕੁਸ਼ੀਆਂ ਦੀਆਂ ਖਬਰਾਂ ਕੰਨਾਂ ਵਿੱਚ ਪੈਂਦੀਆਂ ਹਨ ਤਾਂ ਮਨ ਬਹੁਤ ਉਦਾਸ ਹੁੰਦਾ ਹੈ ਅਤੇ ਸੋਚਣ ਲਈ ਮਜ਼ਬੂਰ ਹੁੰਦਾ ਹੈ ਕਿ ਕਿਉਂ ਤੇ ਕਿਵੇਂ ਇੱਕ ਇਨਸਾਨ ਆਪਣੇ ਹੀ ਹੱਥੀਂ ਆਪਣੀ ਜਿੰਦਗੀ ਨੂੰ ਖਤਮ ਕਰਨ ਦਾ ਏਨਾ ਵੱਡਾ ਫੈਸਲਾ ਲੈ ਲੈਂਦਾ ਹੈ। 21ਵੀਂ ਸਦੀ ਦੇ ਅਗਾਜ਼ ਵਿੱਚ ਖੁਦਕੁਸ਼ੀਆਂ ਦਾ ਰੁਝਾਨ ਬਹੁਤ ਵੱਧ ਗਿਆ ਸ਼ਾਇਦ ਪਹਿਲਾਂ ਵਾਲੇ ਲੋਕਾਂ ਦੇ ਮਨੋਬਲ ਅੱਜ ਦੇ ਲੋਕਾਂ ਨਾਲੋਂ ਕਈ ਗੁਣਾ ਜਿਆਦਾ ਦ੍ਰਿੜ੍ਹ ਸਨ , ਤਾਂ ਹੀ ਉਹ ਵੱਡੀਆਂ ਵੱਡੀਆਂ ਬਿਪਤਾਂ ਪੈਣ ਤੇ ਵੀ ਕਦੇ ਡੋਲੇ ਨਹੀਂ ਸਨ, ਪਰ ਅੱਜ ਇਹ ਰੁਝਾਨ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ। ਇਸਦਾ ਸਭ ਤੋਂ ਵੱਧ ਸ਼ਿਕਾਰ ਨੌਜਵਾਨ ਪੀੜੀ ਹੋ ਰਹੀ ਹੈ । ਜਿੰਨਾਂ ਵਿੱਚ ਜਿਆਦਾਤਰ ਸਕੂਲਾਂ ਕਾਲਜਾਂ ਵਿੱਚ ਪੜਦੇ ਵਿਦਿਆਰਥੀ ਸ਼ਾਮਿਲ ਹਨ। ਅਮਰੀਕਾ ਕਾਲਜ ਹੈਲਥ ਐਸੋਸੀਏਸ਼ਨ ਅਨੁਸਾਰ 15 ਤੋਂ 24 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਖੁਦਕੁਸ਼ੀ ਦੀ ਦਰ 1950 ਦੇ ਦਹਾਕੇ ਤੋਂ ਤਿੰਨ ਗੁਣਾ ਵੱਧ ਚੁੱਕੀ ਹੈ। ਕਿਸ਼ੋਰ ਅਵਸਥਾ ਇੱਕ ਬਹੁਤ ਹੀ ਚੰਚਲਤਾ ਭਰਭੂਰ ਅਵਸਥਾ ਹੈ, ਜਿਸ ਵਿੱਚ ਚੰਗੇ ਮਾੜੇ ਦੀ ਪਰਖ ਅਤੇ ਚੀਜ਼ਾਂ ਨੂੰ ਸਮਝਣ ਵਿੱਚ ਪ੍ਰਪੱਕਤਾ ਘੱਟ ਹੁੰਦੀ ਹੈ। ਇਹ ਜਾਨਣਾ ਬਹੁਤ ਜਰੂਰੀ ਹੈ ਕਿ ਅਕਸਰ ਅਜਿਹੇ ਕਿਹੜੇ ਕਾਰਣ ਹਨ ਜਿੰਨਾ ਦੇ ਕਰਕੇ ਕੋਈ ਆਪਣੀ ਜ਼ਿੰਦਗੀ ਤੋਂ ਹਾਰ ਮੰਨ ਲੈਂਦਾ ਹੈ । ਅੱਜ ਦੇ ਮੌਜੂਦਾ ਹਾਲਾਤਾਂ ਨੂੰ ਵੇਖਦੇ ਕੁਝ ਮੁੱਖ ਕਾਰਣ ਸਾਹਮਣੇ ਆਏ ਹਨ ਉਹਨਾਂ ਵਿਚੋਂ ਬੱਚਿਆਂ ਦੀਆਂ ਮਾਨਸਿਕ ਪਰੇਸ਼ਾਨੀਆਂ ਦਾ ਵੱਧਣਾ, ਡਿਪਰੈਸ਼ਨ, ਅਕਾਦਮਿਕ ਸਮੱਸਿਆਵਾਂ, ਭਾਵਨਾਤਮਕ ਤੌਰ ਤੇ ਮਜ਼ਬੂਤ ਨਾ ਹੋਣਾ,ਆਤਮ ਵਿਸ਼ਵਾਸ ਦਾ ਘੱਟ ਹੋਣਾ, ਤਕਨੀਕੀ ਸਾਧਨ, ਮੋਬਾਇਲ ਫੋਨਾਂ ਦੀ ਵਧੇਰੇ ਵਰਤੋਂ, ਵੀਡੀਓ ਗੇਮਜ਼ ਦੀ ਨਸ਼ਿਆ ਤੋਂ ਭੈੜੀ ਲਤ ਆਦਿ ਮੁੱਖ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਅੱਜ ਬਹੁਤ ਸਾਰੇ ਨੌਜਵਾਨ ਲੜਕੇ ਲੜਕੀਆਂ ਮਾਨਸਿਕ ਤੌਰ ਤੇ ਪਰੇਸ਼ਾਨ ਰਹਿੰਦੇ ਹਨ, ਇਹ ਪਰੇਸ਼ਾਨੀ ਉਹਨਾਂ ਦੇ ਅਕਾਦਮਿਕ ਖੇਤਰ ਦੇ ਵੱਧਦੇ ਬੋਝ , ਆਪਣੇ ਭਵਿੱਖ ਨੂੰ ਲੈਕੇ ਚਿੰਤਾਵਾਂ, ਕਿਸੇ ਹਮਉਮਰ ਦੋਸਤ ਤੋਂ ਪਿੱਛੇ ਰਹਿਣ ਤੇ ਆਈ ਈਰਖਾ ਆਦਿ ਹੋ ਸਕਦੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਨੌਜਵਾਨਾਂ ਵਿੱਚ ਉਹਨਾਂ ਦੇ ਨਜ਼ਦੀਕੀ ਸੰਬੰਧਾਂ, ਦੋਸਤਾਂ ਨਾਲ ਸੰਬੰਧ ਖਰਾਬ ਹੋਣ ਤੇ ਵੀ ਬਹੁਤ ਸਾਰੇ ਨੌਜਵਾਨ ਮਾਨਸਿਕ ਤੌਰ ਤੇ ਪਰੇਸ਼ਾਨ ਹੁੰਦੇ ਰਹਿੰਦੇ ਹਨ ਅਤੇ ਜਦੋਂ ਇਸ ਪਰੇਸ਼ਾਨੀ ਵਿਚੋਂ ਆਪਣੇ ਆਪ ਨੂੰ ਕੱਢਣ ਵਿੱਚ ਨਾਕਾਮ ਹੁੰਦੇ ਹਨ ਤਾਂ ਖੁਦਕੁਸ਼ੀ ਵਰਗਾ ਹੱਥਕੰਡਾ ਅਪਨਾਉਂਦੇ ਹਨ। ਅਜਿਹੇ



ਮਾਮਲਿਆਂ ਵਿੱਚ ਲੜਕੀਆਂ ਦੀ ਖੁਦਕੁਸ਼ੀਆਂ ਦੀ ਦਰ ਜਿਆਦਾ ਹੁੰਦੀ ਹੈ, ਸਾਲ 2007 ਤੋਂ 2015 ਤੱਕ 15 ਤੋਂ 19 ਸਾਲ ਵਾਲੀਆਂ ਲੜਕੀਆਂ ਦੀਆਂ ਖੁਦਕੁਸ਼ੀਆਂ ਦੁਗਣੀਆਂ



ਹਰਕੀਰਤ ਕੌਰ
9779118066

ਹੋਈਆਂ ਹਨ, ਸ਼ਾਇਦ ਲੜਕੀਆਂ, ਲੜਕਿਆਂ ਦੇ ਮੁਕਾਬਲੇ ਭਾਵਨਾਤਮਕ ਤੌਰ ਤੇ ਜਿਆਦਾ ਕਮਜ਼ੋਰ ਹੁੰਦੀਆਂ ਹਨ। ਇਸ ਤੋਂ ਇਲਾਵਾ ਅੱਜ ਬੱਚਿਆਂ ਵਿੱਚ ਖੇਡ ਮੈਦਾਨਾਂ ਵਿੱਚ ਖੇਡਣ ਦਾ ਰੁਝਾਨ ਬਿਲਕੁਲ ਖਤਮ ਹੋਣ ਦੀ ਕਗਾਰ ਤੇ ਹੈ, ਆਏ ਦਿਨ ਨਵੇਂ ਆ ਰਹੇ ਤਕਨੀਕੀ ਸਾਧਨਾ ਕਾਰਨ ਆਊਟਡੋਰ ਐਕਟੀਵੀਟੀਜ ਦਾ ਚਾਅ ਬਿਲਕੁਲ ਖਤਮ ਹੋ ਗਿਆ ਹੈ, ਨਵੀਆਂ ਆ ਰਹੀਆਂ ਵੀਡੀਓ ਗੇਮਜ਼ ਦਾ ਬੱਚਿਆਂ ਉੱਪਰ ਜੂਏਬਾਜ਼ੀ ਵਾਂਗ ਅਸਰ ਹੋ ਰਿਹਾ ਹੈ, ਅੰਤਰਰਾਸ਼ਟਰੀ ਸਰਵੇਖਣਾਂ ਅਨੁਸਾਰ ਜਰਮਨੀ ਦੇ ਇੱਕ ਰਿਸਰਚ ਇਸਟੀਚੀਉਟ ਦੁਆਰਾ 2007/2008 ਵਿੱਚ ਇਹ ਸਰਵੇਖਣ ਕੀਤਾ ਗਿਆ ਕਿ ਜਰਮਨੀ ਵਰਗੇ ਦੇਸ਼ ਵਿੱਚ ਨੌਜਵਾਨਾਂ ਦੀ ਆਤਮਹੱਤਿਆ ਦਾ ਸਭ ਤੋਂ ਵੱਡਾ ਕਾਰਣ ਵੀਡੀਓ ਗੇਮਜ਼ ਵਿੱਚ ਹਾਰਨਾ ਹੈ। ਜੇਕਰ ਗੱਲ ਭਾਰਤ ਦੀ ਕੀਤੀ ਜਾਵੇ ਤਾਂ ਜੁਲਾਈ 2020 ਵਿੱਚ ਮੁੰਬਈ ਸ਼ਹਿਰ ਦੇ ਇੱਕ 13 ਸਾਲਾਂ ਬੱਚੇ ਦੁਆਰਾ ਵੀਡੀਓ ਗੇਮ ਵਿੱਚੋਂ ਹਾਰਨ ਕਰਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਗਈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਉਦਹਾਰਣਾਂ ਮੌਜੂਦ ਹਨ।

ਜੇਕਰ ਹੋਰ ਗਹਿਰਾਈ ਨਾਲ ਇਸ ਬਾਰੇ ਵਿਚਾਰ ਕੀਤਾ ਜਾਵੇ ਤਾਂ ਪਤਾ ਚੱਲਦਾ ਹੈ ਕਿ ਜਿੰਨਾ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਦੀ ਕਮੀ ਹੁੰਦੀ ਹੈ ਉਹ ਵੀ ਹਾਲਾਤਾਂ ਅੱਗੇ ਜਲਦੀ ਗੋਡੇ ਟੇਕ ਦਿੰਦੇ ਹਨ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੇ ਵਾਪਰਨ ਨਾਲ ਆਪਣੇ ਆਪ ਨੂੰ ਖਤਮ ਕਰਨ ਵਰਗਾ ਬੁਝਦਿਲ ਕੰਮ ਕਰ ਬੈਠਦੇ ਹਨ।

ਹੁਣ ਇੱਥੇ ਇਹ ਵੀ ਵਿਚਾਰਨਾ ਬਹੁਤ ਜਰੂਰੀ ਹੈ ਕਿ ਇਸ ਸਮੱਸਿਆ ਦੇ ਸਮਾਧਾਨ ਕੀ ਹੋ ਸਕਦੇ ਹਨ, ਇਸ ਰੁਝਾਨ ਨੂੰ ਰੋਕਣ ਵਿੱਚ ਮਾਤਾ ਪਿਤਾ ਸਭ ਤੋਂ ਵੱਡਾ ਯੋਗਦਾਨ ਪਾ ਸਕਦੇ ਹਨ। ਬਹੁਤੇ ਮਾਪਿਆਂ ਨੂੰ ਲੱਗਦਾ ਹੈ ਕਿ ਬੱਚੇ ਦੀ ਪਰਵਰਿਸ਼ ਤੋਂ ਭਾਵ ਬੱਚੇ ਦੀ ਨਿੱਜੀ ਤੇ ਮੁੱਢਲੀਆਂ ਲੋੜਾਂ ਨੂੰ ਪੂਰਿਆਂ ਕਰਨਾ ਹੈ, ਜਿਸ ਵਿੱਚ ਖਾਣਾ, ਕੱਪੜੇ, ਖਿਡੋਣੇ ਤੇ ਪੜਾਈ ਆਦਿ ਹਨ, ਮਾਪੇ ਇਹ ਭੁੱਲ ਜਾਂਦੇ ਹਨ ਕਿ ਬੱਚਿਆਂ ਨੂੰ ਸ਼ੁਰੂ ਤੋਂ ਨਿਡਰ, ਆਤਮ ਵਿਸ਼ਵਾਸੀ , ਬੇਬਾਕ, , ਦ੍ਰਿੜ੍ਹ ਇਰਾਦੇ ਵਾਲਾ ਬਣਾਉਣਾ ਵੀ ਉਹਨਾਂ ਦੀ ਜਿੰਮੇਵਾਰੀ ਹੈ ਬੱਚੇ ਦੀ ਪਰਵਰਿਸ਼ ਇਸ ਤਰ੍ਹਾਂ ਨਾਲ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਸਥਿਤੀ ਵਿੱਚ ਡੋਲੇ ਨਾ ਬਲਕਿ ਡਟ ਕੇ ਉਸ ਦਾ ਸਾਹਮਣਾ ਕਰੇ। ਇਸ ਤੋਂ ਇਲਾਵਾ ਮਾਪਿਆਂ ਨੂੰ ਬੱਚਿਆਂ ਦੀਆਂ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਉੱਪਰ ਨਜ਼ਰ ਰੱਖਣੀ ਚਾਹੀਦੀ ਹੈ, ਉਹਨਾਂ ਦੀਆਂ ਅਕਾਦਮਿਕ ਅਤੇ ਹੋਰ ਮੁਸ਼ਕਿਲਾਂ ਨੂੰ ਸਮਝਦੇ ਹੋਏ ਉਹਨਾਂ ਨੂੰ ਹੱਲ ਕਰਵਾਉਣਾ ਚਾਹੀਦਾ ਹੈ। ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਧਿਆਪਕਾਂ ਦੇ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ ਤਾਂ ਜੋ ਉਹਨਾਂ ਦੀ ਸੰਗਤ ਬਾਰੇ ਪਤਾ ਲੱਗਦਾ ਰਹੇ। ਹਮੇਸ਼ਾ ਬੱਚਿਆਂ ਦੀ ਗੱਲ ਨੂੰ ਪੂਰੀ ਸੁਣਨਾ ਚਾਹੀਦਾ ਹੈ, ਪਿਆਰ ਨਾਲ ਹਰ ਗੱਲ ਸਮਝਾਉਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਪ੍ਰੇਰਣਾਦਾਇਕ ਸੈਮੀਨਾਰ ਆਦਿ ਕਰਵਾਏ ਜਾਣੇ ਚਾਹੀਦੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਸਮੇਂ ਸਮੇਂ ਤੇ ਸੁਚੱਜੀ ਅਗਵਾਈ ਮਿਲਦੀ ਰਹੇ।

ਹਰ ਇਨਸਾਨ ਧਰਤੀ ਤੇ ਜਿਊਣ ਆਉਂਦਾ ਹੈ ਤਾਂ ਜਰੂਰੀ ਹੈ ਕਿ ਉਹ ਇਸ ਦੁਨੀਆਂ ਨੂੰ ਮਾਣ ਕੇ ਇਸ ਦੁਨੀਆਂ ਤੋਂ ਜਾਵੇ। ਜਦੋਂ ਕਿਸੇ ਮਾਂ ਬਾਪ ਦਾ ਜਵਾਨ ਧੀ ਪੁੱਤਰ ਬੇਵਕਤੀ ਮੌਤ ਮਰਦਾ ਹੈ ਤਾਂ ਇਹ ਮੌਤ ਮਾਪਿਆਂ ਦੀ ਪਰਵਰਿਸ਼, ਸਮਾਜ ਦੇ ਢਾਂਚੇ ਅਤੇ ਸਿੱਖਿਆ ਦੇ ਢਾਂਚੇ ਉੱਪਰ ਬਹੁਤ ਸਾਰੇ ਸਵਾਲ ਖੜੇ ਕਰ ਜਾਂਦੀ ਹੈ। ਇਸ ਨਾਲ ਇਹ ਵੀ ਸਾਬਿਤ ਹੁੰਦਾ ਹੈ ਕਿ ਇਹ ਤਿੰਨੇ ਥੰਮ ਮਿਲਕੇ ਇੱਕ ਤਕੜੇ ਮਨੋਬਲ ਵਾਲੇ ਵਿਅਕਤੀ ਦੀ ਸਿਰਜਣਾ ਕਰਨ ਵਿੱਚ ਨਾਕਾਮ ਰਹੇ ਹਨ। ਨੌਜਵਾਨਾਂ ਨੂੰ ਹਿੰਮਤੀ, ਸਾਹਸੀ, ਜੁੱਅਰਤ ਵਾਲੇ ਬਣਾਉਣ ਲਈ ਜਰੂਰੀ ਹੈ ਕਿ ਉਹਨਾਂ ਨੂੰ ਆਪਣੇ ਪੁਰਖਿਆਂ ਦਾ ਇਤਹਾਸ ਸੁਣਾਇਆ ਜਾਵੇ ਤਾਂ ਜੋ ਉਹ ਜਿੰਦਗੀ ਵਿੱਚ ਕਿਸੇ ਵੀ ਪਰਸਥਿਤੀ ਦੇ ਅੱਗੇ ਗੋਡੇ ਟੇਕਣ ਦੀ ਬਜਾਇ ਉਸਦਾ ਹਿੰਮਤ ਨਾਲ ਸਾਹਮਣਾ ਕਰੇ ਤਾਂ ਹੀ ਅਸੀਂ ਖੁਦਕੁਸ਼ੀਆਂ ਦੇ ਵੱਧਦੇ ਇਸ ਰੁਝਾਨ ਨੂੰ ਰੋਕ ਸਕਦੇ ਹਾਂ।

## ਹਲਕਾ ਫੁਲਕਾ



''ਉਹ ਕਾਫੀ ਰੋਮਾਂਚਕ ਮੈਚ ਸੀ। ਬਾਊਂਸਰਾਂ ਤੋਂ ਸਾਡੇ ਕਈ ਬੱਲੇਬਾਜ਼ ਜ਼ਖਮੀ ਹੋ ਚੁੱਕੇ ਸਨ। ਕਈ ਖਿਡਾਰੀਆਂ ਨੂੰ ਹਸਪਤਾਲ ਲੈ ਜਾਣਾ ਪਿਆ, ਪਰ ਮਜਾਲ ਕਿ ਜੋ ਕੋਈ ਗੇਂਦ ਮੈਨੂੰ ਛੂਹ ਸਕਦੀ। ਮੈਨੂੰ ਉਹ ਅੰਤ ਸਮੇਂ ਤੱਕ ਜ਼ਖਮੀ ਨਹੀਂ ਕਰ ਸਕੇ।'' ਇੱਕ ਖਿਡਾਰੀ ਨੇ ਆਪਣੇ ਦੋਸਤ ਨੂੰ ਕਿਹਾ।

''ਅਜਿਹਾ ਕਿਵੇਂ?'' ਤਿਲਕ ਨੇ ਹੈਰਾਨੀ ਨਾਲ ਪੁੱਛਿਆ।

''ਇਸ ਲਈ ਕਿ ਮੈਂ ਉਸ ਟੀਮ ਦਾ 12ਵਾਂ ਸਪੇਅਰ ਮੈਂਬਰ ਸੀ।'' ਖਿਡਾਰੀ ਦਾ ਜਵਾਬ ਸੀ।

*******

'ਭਾਰਤ ਇੱਕ ਹੈ' ਵਿਸ਼ੇ ਉੱਤੇ ਵਿਚਾਰ ਗੋਸ਼ਟੀ ਸੀ।

ਇੱਕ ਮੋਟੇ ਵਿਅਕਤੀ ਨੇ ਆਪਣੇ ਵਿਚਾਰ ਦੱਸੇ, ''ਸੱਜਣੋਂ, ਜਦੋਂ ਮੈਂ ਪੰਜਾਬ ਗਿਆ ਤਾਂ ਲੋਕ ਮੈਨੂੰ ਦੇਖ ਕੇ ਹੱਸਦੇ ਸਨ। ਜਦ ਮੈਂ ਮਹਾਰਾਸ਼ਟਰ ਗਿਆ ਤਾਂ ਉਥੇ ਵੀ ਲੋਕ ਮੈਨੂੰ ਦੇਖ ਕੇ ਹੱਸਦੇ ਸਨ। ਜਦ ਮੈਂ ਦੱਖਣ ਵਿੱਚ ਗਿਆ ਤਾਂ ਉਥੇ ਵੀ ਲੋਕ ਮੈਨੂੰ ਦੇਖ ਕੇ ਹੱਸਦੇ ਸਨ। ਇਸ ਤੋਂ ਸਿੱਧ ਹੋ ਗਿਆ ਕਿ ''ਭਾਰਤ ਇੱਕ ਹੈ''।

*******

ਇੱਕ ਆਦਮੀ ਨੇ ਆਪਣੇ ਬੇਟੇ ਨੂੰ ਦਰਜੀ ਦਾ ਕੰਮ ਸਿੱਖਣ ਲਈ ਬਿਠਾਇਆ।

ਦੋ ਮਹੀਨੇ ਬਾਅਦ ਪਿਤਾ ਨੇ ਬੇਟੇ ਨੂੰ ਪੁੱਛਿਆ, ''ਬੇਟਾ, ਤੂੰ ਦੋ ਮਹੀਨੇ ਵਿੱਚ ਕੀ ਸਿੱਖਿਆ ਹੈ?''

ਬੇਟਾ, ''ਜੇਬ ਕੱਟਣਾ ਸਿੱਖ ਗਿਆ ਹਾਂ ਅਤੇ ਗਲਾ ਕੱਟਣਾ ਸਿੱਖ ਰਿਹਾ ਹਾਂ।''

## ਮਿੱਟੀ ਦੇ ਚੂਲ੍ਹੇ ਤੇ ਬਣੇ ਸਾਗ ਦਾ ਸੁਆਦ



ਚਾਨਣ ਦੀਪ ਸਿੰਘ ਔਲਖ
9876888177

ਜਿਵੇਂ ਜਿਵੇਂ ਸਮਾਂ ਬਦਲ ਰਿਹਾ ਹੈ ਉਵੇਂ ਉਵੇਂ ਸਾਡੀ ਜੀਵਨ ਜਾਚ, ਰਹਿਣ-ਸਹਿਣ ਅਤੇ ਖਾਣ-ਪਹਿਨਣ ਵੀ ਬਦਲ ਰਿਹਾ ਹੈ। ਪੁਰਾਣੇ ਸਮਿਆਂ ਵਿੱਚ ਲੋਕ ਸਾਦਾ ਜੀਵਨ ਜਿਉਂਦੇ ਸਨ। ਉਨ੍ਹਾਂ ਦੀਆਂ ਸਾਦਾ ਖੁਰਾਕਾਂ ਵਿੱਚ ਤੰਦਰੁਸਤੀ ਹੁੰਦੀ ਸੀ ਪਰ ਅੱਜ ਕੱਲ੍ਹ ਪਿੰਡਾਂ ਦਾ ਵੀ ਸ਼ਹਿਰੀਕਰਨ ਹੋ ਗਿਆ ਹੈ। ਸ਼ਹਿਰ ਤਾਂ ਸ਼ਹਿਰ ਹੁਣ ਪਿੰਡਾਂ ਦੀਆਂ ਰਸੋਈਆਂ ਵਿੱਚ ਵੀ ਮਿੱਟੀ ਦੇ ਚੁੱਲ੍ਹੇ ਘੱਟ ਹੀ ਨਜ਼ਰ ਆਉਂਦੇ ਹਨ। ਹੁਣ ਤਾਂ ਸਾਗ ਬਣਾਉਣ ਲਈ ਵੀ ਮਿੱਟੀ ਦੇ ਚੁੱਲ੍ਹੇ ਦੀ ਥਾਂ ਗੈਸ ਚੁੱਲ੍ਹੇ ਅਤੇ ਮਿੱਟੀ ਦੀ ਤੌੜੀ ਦੀ ਥਾਂ ਪ੍ਰੈਸ਼ਰ ਕੁੱਕਰ ਦੀ ਵਰਤੋਂ ਕੀਤੀ ਜਾਂਦੀ ਹੈ। ਸਾਗ ਚੀਰਨ ਵਾਸਤੇ ਲੋਹੇ ਦੇ ਦਾਤ ਦੀ ਥਾਂ ਛੋਟੀਆਂ ਟੋਕਾ ਮਸ਼ੀਨਾਂ ਨੇ ਲੈ ਲਈ ਹੈ। ਮਿੱਟੀ ਦੇ ਕੂੰਡੇ ਅਤੇ ਨਿੰਮ ਦੀ ਲੱਕੜ ਦੇ ਬਣੇ ਸੋਟੇ ਨਾਲ ਮਸਾਲਾ ਰਗੜਨ ਦੀ ਬਜਾਏ ਮਿੰਟਾਂ ਸੈਕਿੰਡਾਂ ਵਿੱਚ ਮਿਕਸਰ ਗਰਾਈਂਡਰ ਵਿੱਚ ਮਸਾਲਾ ਕੁੱਟ ਲਿਆ ਜਾਂਦਾ ਹੈ। ਭਾਵੇਂ ਅੱਜ ਕੱਲ੍ਹ ਇੱਕ ਘੰਟੇ ਦੇ ਅੰਦਰ ਅੰਦਰ ਸਾਗ ਬਣ ਕੇ ਤਿਆਰ ਕਰ ਲਿਆ ਜਾਂਦਾ ਹੈ ਪਰ ਮਿੱਟੀ ਦੇ ਚੁਲ੍ਹੇ ਦੇ ਬਣੇ ਸਾਗ ਵਰਗਾ ਸੁਆਦ ਨਹੀਂ ਆਉਂਦਾ। ਅੱਜ ਕੱਲ੍ਹ ਤਾਂ ਬਜ਼ਾਰ ਵਿਚੋਂ ਡੱਬਾ ਬੰਦ ਸਾਗ ਆਮ ਮਿਲ ਜਾਂਦਾ ਹੈ ਬਸ ਲਿਆਓ, ਤੜਕਾ ਲਾਓ ਤੇ ਸਾਗ ਖਾਣ ਲਈ ਤਿਆਰ ਪਰ ਗੱਲ ਓਥੇ ਦੀ ਓਥੇ ਕਿ ਉਹ ਸੁਆਦ ਨਹੀਂ ਲੱਭਦਾ। ਅਸਲ ਸੁਆਦ ਤਾਂ ਖੇਤ ਵਿੱਚੋ ਤਾਜ਼ਾ ਤੋੜ ਕੇ ਲਿਆਂਦੇ ਸਰੋਂ ਦੀਆਂ ਗੰਦਲਾਂ ਦੇ ਸਾਗ ਨੂੰ ਮਿੱਟੀ ਦੇ ਚੁੱਲ੍ਹੇ ਤੇ ਲੱਕੜ ਦੀਆਂ ਖਲਪਾੜਾਂ ਦੀ ਮੱਠੀ ਮੱਠੀ ਅੱਗ ਤੇ ਬਣੇ ਸਾਗ ਵਿਚੋਂ ਹੀ ਮਿਲਦਾ ਸੀ। ਗੰਦਲਾਂ ਨਾਲ ਰਿਝਦੇ ਹਰੇ ਮੇਥੇ, ਬਾਥੂ, ਪਾਲਕ, ਹਰੇ ਧਨੀਏ ਦੀ ਮਹਿਕ ਨਾਲ ਲੱਗਦੇ ਘਰਾਂ ਵਿੱਚ ਵੀ ਮਹਿਕ ਖਿੰਡਾ ਦਿੰਦੀ ਸੀ।



ਪੁਹਿਲੇ ਸਮੇਂ ਵਿੱਚ ਸੁਆਣੀਆਂ ਸਾਗ ਨੂੰ ਖੱਦਰ ਦਾ ਪੋਣਾ ਵਿਛਾ ਕੇ ਲੋਹੇ ਦੇ ਦਾਤ ਨਾਲ ਚੀਰਨੀਆਂ ਬਣਾ ਬਣਾ ਕੇ ਵਿਸ਼ੇਸ਼ ਵਿਧੀ ਨਾਲ ਕੱਟਦੀਆਂ ਸਨ। ਸਾਗ ਨੂੰ ਚੀਰ ਕੇ ਲੱਕੜ ਦੀ ਤੌੜੀ ਵਿੱਚ ਪਾ ਕੇ ਚੁਲ੍ਹੇ ਤੇ ਉਬਲਣ ਲਈ ਰੱਖਿਆ ਜਾਂਦਾ ਸੀ ਅਤੇ ਲੱਕੜ ਦੀ ਡੋਈ ਨਾਲ ਹਿਲਾਇਆ ਜਾਂਦਾ ਸੀ। ਪੱਥਰ ਜਾਂ ਮਿੱਟੀ ਦੇ ਕੂੰਡੇ ਵਿੱਚ ਪਿਆਜ਼, ਲੱਸਣ, ਅਦਰਕ , ਹਰੀਆਂ ਮਿਰਚਾਂ ਨੂੰ ਰਗੜ ਕੇ ਮਸਾਲਾ ਤਿਆਰ ਕਰਕੇ ਪਾਇਆ ਜਾਂਦਾ ਸੀ। ਜਦੋਂ ਸਾਗ ਅੱਧ ਤੋਂ ਜ਼ਿਆਦਾ ਰਿਝਿਆ ਹੋ ਜਾਂਦਾ ਤਾਂ ਉਪਰੋਂ ਮੱਕੀ ਦੇ ਆਟੇ ਨੂੰ ਮੁੱਠੀ ਨਾਲ ਖਿਲਾਰ ਖਿਲਾਰ ਕੇ ਪਾਇਆ ਜਾਂਦਾ ਸੀ ਜਿਸ 'ਆਲਣ' ਪਾਉਣਾ ਕਿਹਾ ਜਾਂਦਾ ਸੀ। ਆਲਣ ਪਾਉਣ ਉਪਰੰਤ ਸਾਗ ਨੂੰ ਕੁਝ ਸਮੇਂ ਲਈ ਹੋਰ ਰਿਝਣ ਲਈ ਰੱਖਿਆ ਜਾਂਦਾ ਸੀ ਅਤੇ ਰਿਝ ਚੁੱਕੇ ਸਾਗ ਦੀ ਤੌੜੀ ਨੂੰ ਦੋਨੋਂ ਪੈਰਾਂ ਵਿਚਕਾਰ ਰੱਖ ਕੇ ਘੋਟਣੇ ਨਾਲ ਚੰਗੀ ਤਰ੍ਹਾਂ ਘੋਟਿਆ ਜਾਂਦਾ ਸੀ। ਇਸ ਤਰ੍ਹਾਂ ਸਾਗ ਬਣਨ ਦੀ ਪੂਰੀ ਪ੍ਰਕਿਰਿਆ ਨੂੰ ਤਿੰਨ-ਚਾਰ ਘੰਟਿਆਂ ਦਾ ਸਮਾਂ ਲੱਗ ਜਾਂਦਾ ਸੀ। ਮੱਕੀ ਦੀਆਂ ਬਣੀਆਂ ਰੋਟੀਆਂ, ਘਰ ਦਾ ਤਾਜ਼ਾ ਮੱਖਣ ਅਤੇ ਚਾਟੀ ਦੀ ਲੱਸੀ ਸਾਗ ਦੇ ਸੁਆਦ ਵਿੱਚ ਹੋਰ ਵਾਧਾ ਕਰ ਦਿੰਦੇ ਸਨ। ਪੋਹ ਮਹੀਨੇ ਦੇ ਆਖਰੀ ਦਿਨ ਮਾਘੀ ਦੀ ਸੰਗਰਾਂਦ ਤੋਂ ਇੱਕ ਰਾਤ ਪਹਿਲਾਂ ਪੰਜਾਬ ਦੇ ਹਰ ਘਰ ਵਿੱਚ ਸਰ੍ਹੋਂ ਦਾ ਸਾਗ ਜ਼ਰੂਰ ਬਣਾਇਆ ਜਾਂਦਾ ਸੀ ਅਤੇ ਇਹ ਅਗਲੇ ਦਿਨ ਸਰਗੀ ਵੇਲੇ ਖਾਧਾ ਜਾਂਦਾ ਸੀ, ਇਸ ਨੂੰ 'ਪੋਹ ਰਿੱਧੀ ਤੇ ਮਾਘ ਖਾਧੀ' ਕਿਹਾ ਜਾਂਦਾ ਸੀ।

ਅੱਜ ਕੱਲ੍ਹ ਦੇ ਮਸ਼ੀਨੀ ਯੁੱਗ ਵਿੱਚ ਸੁਆਣੀਆਂ ਖਾਸਕਰ ਕੁੜੀਆਂ ਇਨੀਂ ਜ਼ਿਆਦਾ ਖੇਚਲ ਨਹੀਂ ਕਰ ਸਕਦੀਆਂ। ਹੁਣ ਜ਼ਿਆਦਾਤਰ ਡੱਬਾ ਬੰਦ ਜਾਂ ਪ੍ਰੈਸ਼ਰ ਕੁੱਕਰ ਵਿੱਚ ਬਣੇ ਸਾਗ ਨਾਲ ਮੱਕੀ ਦੇ ਆਟੇ ਵਿੱਚ ਅੱਧੋਂ ਜ਼ਿਆਦਾ ਕਣਕ ਦਾ ਆਟਾ ਰਲੇ ਆਟੇ ਦੀ ਰੋਟੀ ਬਣਾ ਕੇ ਕੰਮ ਸਾਰ ਲਿਆ ਜਾਂਦਾ ਹੈ। ਘਰਦਾ ਤਾਜ਼ਾ ਮੱਖਣ ਅਤੇ ਲੱਸੀ ਵੀ ਅੱਜ ਕੱਲ੍ਹ ਘਰਾਂ ਵਿੱਚ ਘੱਟ ਹੀ ਦਿਸਦੇ ਹਨ। ਬਾਕੀ ਖੇਤਾਂ ਵਿੱਚ ਕੀਟਨਾਸ਼ਕਾਂ ਦੀ ਵੱਧ ਰਹੀ ਵਰਤੋਂ ਕਰਕੇ ਵੀ ਨਾ ਤਾਂ ਸਰੋਂ ਦਾ ਸਾਗ ਉਨਾਂ ਸੁਆਦ ਬਣਦਾ ਹੈ ਅਤੇ ਨਾ ਹੀ ਹਰ ਕਿਸੇ ਦੇ ਖਾਧਿਆਂ ਹਜ਼ਮ ਹੀ ਹੁੰਦਾ ਹੈ। ਹੁਣ ਤਾਂ ਹੋਲੀ ਹੋਲੀ ਸਾਗ ਬਣਾਉਣ ਵਾਲੇ ਭਾਂਡੇ ਅਤੇ ਸੰਦ ਵੀ ਰਸੋਈ ਘਰਾਂ ਵਿੱਚੋਂ ਗਾਇਬ ਹੁੰਦੇ ਜਾ ਰਹੇ ਹਨ। ਅੱਜ ਕੱਲ੍ਹ ਦੇ ਨਿਆਣੇ ਵੀ ਸਰੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਖਾਣਾ ਘੱਟ ਹੀ ਪਸੰਦ ਕਰਦੇ ਹਨ। ਕਿਧਰੇ! ਆਉਣ ਵਾਲੇ ਸਮੇਂ ਵਿੱਚ ਸਰੋਂ ਦਾ ਸਾਗ ਸਾਡੇ ਖਾਣਿਆਂ ਵਿੱਚੋਂ ਅਲੋਪ ਹੀ ਨਾ ਹੋ ਜਾਵੇ।

## ਚਾਬੀ

ਮਿੰਨੀ ਕਹਾਣੀ

ਮਾਂ ਕਈ ਦਿਨਾਂ ਤੋਂ ਬੇਚੈਨ ਸੀ। ਮੈਂ ਕਈ ਵਾਰ ਪੁੱਛਣ ਦੀ ਕੋਸ਼ਿਸ਼ ਵੀ ਕੀਤੀ, ਪਰ ਹਊ ਪਰੇ ਕਰ ਕੇ ਗੱਲ ਨੂੰ ਹੋਰ ਪਾਸੇ ਹਮੇਸ਼ਾ ਘੁਮਾ ਦਿੰਦੀ। ਫਿਰ ਸੋਚਿਆ ਸ਼ਾਇਦ ਮੇਰਾ ਵਹਿਮ ਹੋਵੇ। ਹਰ ਦਿਨ ਮਾਂ ਹੱਥੋਂ ਕੁਝ ਨਾ ਕੁਝ ਡਿੱਗਣ ਵੀ ਲੱਗ ਪਿਆ, ਪਰ ਮਾਂ ਉਮਰ ਵੱਧ ਦਾ ਬਹਾਨਾ ਲਾ ਕੇ ਬਨਾਉਟੀ ਹਾਸੇ ਨਾਲ ਗੱਲ ਨੂੰ ਟਾਲਣ ਦਾ ਹਮੇਸ਼ਾ ਯਤਨ ਕਰਦੀ। ਮਾਂ ਦੀ ਇਹ ਹਾਲਤ ਉਸ ਸਮੇਂ ਤੋਂ ਸ਼ੁਰੂ ਹੋਈ ਜਦੋਂ ਤੋਂ ਮੇਰੀ ਭੈਣ ਲੈਚੀ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਣ ਦੀ ਜ਼ਿੱਦ ਨੂੰ ਧੱਕੇ ਨਾਲ ਮਾਂ ਤੋਂ ਪੂਰਾ ਕਰਵਾਇਆ, ਭਾਵੇਂ ਮਾਂ ਨੇ ਡੋਰੀ ਆਪਣੇ ਹੱਥ ਨਾਲ ਤੋਰੀ, ਪਰ ਪਤਾ ਨਹੀਂ ਕਿਉਂ? ਉਸ ਤੋਂ ਬਾਅਦ ਪਹਿਲੇ ਵਾਲੀ ਖੁਸ਼ੀ ਮਾਂ ਦੇ ਚਿਹਰੇ ਉੱਤੇ ਕਦੇ ਨਜ਼ਰ ਨਹੀਂ ਆਈ। ਅੱਜ ਤਾਇਆ ਜੀ ਨੂੰ ਮੈਂ ਘਰ ਬੁਲਾਇਆ ਤੇ ਸਾਰੀ ਗੱਲ ਦੱਸੀ। ਤਾਇਆ ਜੀ ਅਧਿਆਪਕ ਹੋਣ ਕਰ ਕੇ ਸਾਰੀ ਗੱਲ ਬਹੁਤ ਛੇਤੀ ਸਮਝ ਗਏ ਤੇ ਭਤੀਜੇ ਨੂੰ ਨਾਲ ਲੈ ਕੇ ਭਾਬੀ, ਜੋ ਮੰਜੇ ਉੱਤੇ ਬੈਠ ਕੇ ਧੁੱਪ ਸੇਕ ਰਹੀ ਸੀ ਨੂੰ ਹਾਲ ਚਾਲ ਪੁੱਛਣ ਲੱਗੇ ਤੇ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋਇਆ। ਤਾਇਆ ਜੀ ਨੇ ਕਿਹਾ, ''ਭਾਬੀ ਮੈਂ ਮਹਿਸੂਸ ਕਰਦਾ ਹਾਂ ਕਿ ਤੂੰ ਕਈ ਮਹੀਨਿਆਂ ਤੋਂ ਚੁੱਪ ਰਹਿੰਦੀ ਏ, ਕੀ ਗੱਲ ਏ?''

ਪਹਿਲਾਂ ਭਾਬੀ ਨੇ ਨਾ ਨੁੱਕਰ ਕੀਤੀ, ਪਰ ਆਖਰ ਭੁੱਬਾਂ ਮਾਰ ਕੇ ਰੋਣ ਲੱਗ ਗਈ, ਜਿਵੇਂ ਉਸ ਦੇ ਮਨ ਵਿੱਚ ਬਹੁਤ ਗੁਬਾਰ ਭਰਿਆ ਹੋਇਆ ਹੋਵੇ। ਜਦੋਂ ਮਨ ਕੁਝ ਹਲਕਾ ਹੋਇਆ ਤਾਂ ਤਾਇਆ ਜੀ ਨੇ ਸਿਰ ਉੱਤੇ ਹੱਥ ਰੱਖਿਆ: ''ਦੱਸ ਕੀ ਗੱਲ ਏ? ਡਰ ਨਾ।''

ਆਖਰ ਮਾਂ ਨੇ ਚੁੱਪੀ ਤੋੜਦਿਆਂ ਕਿਹਾ, ''ਵੀਰ ਜੀ, ਇਸ ਲੈਚੀ ਨੇ ਮੈਨੂੰ ਬਾਹਰ ਨਿਕਲਣ ਜੋਗਾ ਨਹੀਂ ਛੱਡਿਆ, ਅੱਗੇ ਮੈਂ ਆਪਣੀਆਂ ਸਹੇਲੀਆਂ ਕੋਲ ਬੈਠ ਜਾਂਦੀ ਸੀ, ਅੱਜਕੱਲ੍ਹ ਸਾਰਾ-ਸਾਰਾ ਦਿਨ ਘਰ ਬੈਠੀ ਰਹਿੰਦੀ ਹਾਂ।''

''ਤੂੰ ਇਸ ਤਰ੍ਹਾਂ ਕਿਉਂ ਕਰ ਰਹੀ ਏਂ?''

''ਮੈਨੂੰ ਲੱਗਦਾ ਏ ਕਿ ਉਹ ਮੇਰੀ ਬੇਟੀ ਦੀਆਂ ਗੱਲਾਂ ਕਰਦੀਆਂ ਹੋਣਗੀਆਂ।''

''ਭਾਬੀ ਇਹ ਤੇਰਾ ਵਹਿਮ ਹੈ, ਕਿਸੇ ਕੋਲ ਐਨਾ ਸਮਾਂ ਨਹੀਂ ਕਿ ਉਹ ਤੁਹਾਡੇ ਪਰਵਾਰ ਦੀਆਂ ਸਾਰਾ ਸਾਰਾ ਦਿਨ ਗੱਲਾਂ ਕਰੀ ਜਾਣ?''

''ਵੀਰ ਜੀ ਤੁਹਾਡਾ ਕੀ ਖਿਆਲ ਕਿ ਉਹ ਗੱਲਾਂ ਨਾ ਕਰਦੇ ਹੋਣਗੇ?''

''ਜੇ ਕਰਦੇ ਵੀ ਹੋਣਗੇ ਤਾਂ ਸਾਡਾ ਕੀ ਹੋ ਜਾਊ, ਆਪਣੀ ਸੋਚ ਨੂੰ ਨਕਾਰਾਤਮਕ ਨਾ ਹੋਣ ਦਿਓ, ਤੁਸੀਂ ਕੀ ਕਰਦੇ ਹੋ? ਇਸ ਗੱਲ ਉੱਤੇ ਧਿਆਨ ਕੇਂਦਰਿਤ ਕਰੋ, ਨਹੀਂ ਤਾਂ ਤੁਸੀਂ ਇਹ ਸੋਚ ਸੋਚ ਕੇ ਬਿਮਾਰ ਹੋ ਜਾਓਗੇ ਕਿ ਲੋਕ ਤੁਹਾਡੇ ਬਾਰੇ ਕੀ ਸੋਚਦੇ ਨੇ? ਮੈਨੂੰ ਤਾਂ ਲੱਗਦਾ ਏ ਭਾਬੀ ਤੂੰ ਆਪਣੀ ਚਾਬੀ ਲੋਕਾਂ ਦੇ ਹੱਥ ਵਿੱਚ ਫੜਾ ਦਿੱਤੀ ਏ।''

''ਉਹ ਕਿੱਦਾਂ ਵੀਰ ਜੀ?''

''ਦੇਖ ਤੂੰ ਕਿਹਾ ਕਿ ਲੋਕ ਤੇਰੀ ਬੇਟੀ ਦੀਆਂ ਗੱਲਾਂ ਕਰਦੇ ਨੇ ਤੈਨੂੰ ਇਹ ਗੱਲ ਕਿਸੇ ਚੁਗਲਖੋਰ ਨੇ ਦੱਸੀ ਹੋਣੀ ਏ, ਤੂੰ ਉਸ ਦਿਨ ਤੋਂ ਘਰ ਬੈਠ ਗਈ, ਏਦਾਂ ਨਹੀਂ ਕਰਨਾ, ਜੋ ਦਿਲ ਕਰਦਾ ਹੈ ਕਰੋ, ਲੋਕਾਂ ਦੀਆਂ ਗੱਲਾਂ ਵਿੱਚ ਆਣ ਕੇ ਆਪਣਾ ਘਰ ਬਰਬਾਦ ਨਾ ਕਰੋ, ਮੈਂ ਦੇਖਦਾ ਹਾਂ ਬਹੁਤੇ ਲੋਕਾਂ ਨੇ ਆਪਣੀ ਜ਼ਿੰਦਗੀ ਨੂੰ ਵੱਖਰਾ ਹੀ ਰੂਪ ਦਿੱਤਾ ਹੈ।''

''ਵੀਰ ਜੀਂ ਉਹ ਕਿੱਦਾਂ?''

''ਦੇਖ ਜੇ ਲੋਕ ਕਹਿਣ ਤੁਸੀਂ ਬਹੁਤ ਚੰਗੇ ਹੋ ਤਾਂ ਤੁਸੀਂ ਕੁਸ਼, ਨਹੀਂ ਤਾਂ ਤੁਸੀਂ ਸਾਰਾ ਦਿਨ ਦੁਖੀ।'' ਮਾਂ ਨੂੰ ਸਾਰੀ ਗੱਲ ਚੰਗੀ ਤਰ੍ਹਾਂ ਹੁਣ ਸਮਝ ਆ ਚੁੱਕੀ ਸੀ।

ਤਾਇਆ ਜੀ ਨੇ ਉਠਣ ਤੋਂ ਪਹਿਲਾਂ ਕਿਹਾ, ''ਭਾਬੀ, ਤੂੰ ਬਹੁਤ ਮਾੜੀ ਏ।''

ਭਾਬੀ ਸੁਣ ਕੇ ਖਿੜਖਿੜਾ ਕੇ ਹੱਸ ਪਈ। ਕਹਿੰਦੀ, ''ਮੈਂ ਚਾਬੀ ਲੋਕਾਂ ਕੋਲੋਂ ਲੈ ਕੇ ਆਪਣੇ ਕੋਲ ਰੱਖ ਲਈ ਏ।''

*-ਕੰਵਰਦੀਪ ਸਿੰਘ ਭੱਲਾ।*


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਮੁਸਲਿਮ ਲੜਕੀ ਵੱਲੋਂ ਚੈਲੇਂਜ, 'ਸਿੱਖਾਂ ਦੀ ਪੱਗ ਉਤਰਵਾ ਕੇ ਦਿਖਾਉ'



ਕਰਨਾਟਕ, 23 ਫਰਵਰੀ (ਪੋਸਟ ਬਿਊਰੋ)- ਸਥਾਨਕ ਕਾਲਜਾਂ ਵਿੱਚ ਬੁਰਕਾ ਪਾਉਣ ਉੱਤੇ ਪਾਬੰਦੀ ਲੱਗਣ ਨਾਲ ਸ਼ੁਰੂ ਹੋਇਆ ਵਿਵਾਦ ਪੂਰੇ ਭਾਰਤ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਤੇ ਹਰ ਨਾਗਰਿਕ ਦੇ ਮਨ ਵਿੱਚ ਇੱਕੋ ਸਵਾਲ ਹੈ ਕਿ ਕੀ ਸਾਨੂੰ ਆਪਣੇ ਧਰਮ ਮੁਤਾਬਕ ਚੱਲਣ ਦੀ ਇਜਾਜ਼ਤ ਵੀ ਨਹੀਂ ਰਹੀ? ਇਸ ਸਵਾਲ ਦਾ ਜਵਾਬ ਕਰਨਾਟਕ ਦੇ ਕਾਲਜਾਂ ਵਿੱਚ ਪੜ੍ਹਦੀਆਂ ਮੁਸਲਿਮ ਵਿਦਿਆਰਥਣਾਂ ਨੇ ਵੀ ਬਰਾਬਰ ਦਿੱਤਾ। ਉਸ ਵੇਲੇ ਜਦੋਂ ਉਹ ਭਗਵਾਂ ਕੱਪੜਾ ਪਾਈ ਨੌਜਵਾਨ ਮੁੰਡਿਆਂ ਦੇ ਸਾਹਮਣੇ ਆਪਣੇ ਹੱਕ ਲਈ ਡੱਟ ਗਈਆਂ।

ਇਹ ਵਿਵਾਦ ਓਦੋਂ ਵੱਧ ਗਿਆ ਜਦੋਂ ਕਰਨਾਟਕ ਹਾਈ ਕੋਰਟ ਨੇ ਅਗਲੇ ਹੁਕਮਾਂ ਤਕ ਹਿਜਾਬ ਨੂੰ ਯੂਨੀਫਾਰਮ ਦਾ ਹਿੱਸਾ ਰੱਖਣ ਉੱਤੇ ਰੋਕ ਲਾ ਦਿੱਤੀ। ਇਸ ਦੌਰਾਨ ਇੱਕ ਵੀਡੀਓ ਵਾਇਰਲ ਹੋਈ ਹੈ ਜਿਸ ਵਿੱਚ ਇੱਕ ਮੁਸਲਿਮ ਲੜਕੀ ਨੇ ਭਾਰਤ ਸਰਕਾਰ ਨੂੰ ਤਿੱਖੇ ਸਵਾਲ ਕਰਦਿਆਂ ਚੈਲਿੰਜ ਕਰ ਦਿੱਤਾ।ਉਸ ਵੀਡੀਓ ਵਿੱਚ ਮੁਸਲਿਮ ਲੜਕੀ ਨੇ ਕਿਹਾ ਕਿ ਜੇ ਸਰਕਾਰ ਵਿੱਚ ਇੰਨਾ ਦਮ ਅਤੇ ਹਿੰਮਤ ਹੈ ਤਾਂ ਸਿੱਖਾਂ ਦੀ ਪੱਗ ਉਤਰਵਾ ਕੇ ਦਿਖਾਵੇ ਤੇ ਜੇ ਉਹ ਕਾਮਯਾਬ ਹੋਈ ਤਾਂ ਉਹ ਵੀ ਆਪਣਾ ਹਿਜਾਬ ਉਤਾਰ ਦੇਣਗੀਆਂ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਕਾਲਜ ਜਾਂਦੇ ਹਾਂ ਤਾਂ ਉਥੇ ਭਗਵਾ ਕੱਪੜਾ ਪਾਈ ਨੌਜਵਾਨਾਂ ਨਾਹਰੇਬਾਜ਼ੀ ਕਰਦੇ ਹਨ ਕਿ 'ਹਿਜਾਬ ਰੱਖੋ ਜਾਂ ਕਿਤਾਬ ਰੱਖੋ', ਇਹ ਕਿੱਦਾਂ ਦਾ ਰਵੱਈਆ ਹੈ?

# ਯੂਕਰੇਨ ਮਸਲੇ ਉੱਤੇ ਰੂਸ ਦੀ ਆਲੋਚਨਾ ਕਰਨੋਂ ਭਾਰਤ ਵੱਲੋਂ ਪਰਹੇਜ਼

ਨਵੀਂ ਦਿੱਲੀ, 23 ਫਰਵਰੀ (ਪੋਸਟ ਬਿਊਰੋ)- ਯੂਕਰੇਨ ਦੇ ਪੂਰਬੀ ਹਿੱਸੇ ਵਿੱਚ ਦੋ ਖੇਤਰਾਂ ਡੋਨੇਤਸਕ ਅਤੇ ਲੁਹਾਂਸਕ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਮਾਨਤਾ ਦੇਣ ਨਾਲ ਅਮਰੀਕਾ ਦੀ ਅਗਵਾਈ ਵਿੱਚ ਯੂਰਪੀ ਦੇਸ਼ਾਂ ਤੇ ਰੂਸ ਵਿਚਾਲੇ ਤਣਾਅ ਸਿਖਰ ਉੱਤੇ ਪਹੁੰਚ ਗਿਆ ਹੈ। ਰੂਸ ਦੇ ਇਸ ਕਦਮ ਤੋਂ ਬਾਅਦ ਕਈ ਯੂਰਪੀ ਦੇਸ਼ਾਂ ਨੇ ਉਸ ਦੇ ਖਿਲਾਫ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਯੂ ਐੱਨ ਸਕਿਓਰਟੀ ਕੌਂਸਲ (ਯੂ ਐਨ ਐਸ ਸੀ) ਦੀ ਕੱਲ੍ਹ ਦੇਰ ਰਾਤ ਬੁਲਾਈ ਗਈ ਐਮਰਜੈਂਸੀ ਬੈਠਕ ਵਿੱਚ ਰੂਸ ਨੂੰ ਸਖਤ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਬਦਲਦੇ ਕੌਮਾਂਤਰੀ ਹਾਲਾਤ ਨੂੰ ਦੇਖ ਕੇ ਭਾਰਤ ਪੂਰੇ ਮਾਮਲੇ ਉੱਤੇ ਕਾਫੀ ਚੌਕਸੀ ਨਾਲ ਕਦਮ ਚੁੱਕ ਰਿਹਾ ਹੈ।

ਯੂ ਐਨ ਐਸ ਸੀ ਵਿੱਚ ਭਾਰਤ ਨੇ ਦੋਵਾਂ ਧਿਰਾਂ ਨੂੰ ਇੱਕ ਵਾਰ ਫਿਰ ਸੰਜਮ ਵਰਤਣ ਅਤੇ ਕੂਟਨੀਤਕ ਤਰੀਕੇ ਨਾਲ ਯੂਕਰੇਨ ਵਿਵਾਦ ਦਾ ਹੱਲ ਕੱਢਣ ਦੀ ਅਪੀਲ ਕੀਤੀ ਹੈ। ਕਈ ਦੇਸ਼ਾਂ ਨੇ ਰੂਸ ਦੇ ਤਾਜ਼ਾ ਕਦਮ ਦਾ ਸਿੱਧਾ ਵਿਰੋਧ ਕੀਤਾ, ਪਰ ਭਾਰਤ ਨੇ ਰੂਸ ਦੀ ਆਲੋਚਨਾ ਅਜੇ ਨਹੀਂ ਕੀਤੀ। ਯੂ ਐਨ ਐਸ ਸੀ ਵਿੱਚ ਭਾਰਤ ਦੇ ਨੁਮਾਇੰਦੇ ਐਸ ਤ੍ਰਿਮੂਰਤੀ ਨੇ ਐਮਰਜੈਂਸੀ ਬੈਠਕ ਵਿੱਚ ਕਿਹਾ ਕਿ 'ਅਸੀਂ ਯੂਕਰੇਨ ਦੇ ਪੂਰਬੀ-ਉਤਰੀ ਸਰਹੱਦ ਤੇ ਰੂਸ ਵੱਲੋਂ ਚੁੱਕੇ ਗਏ ਕਦਮ ਕਾਰਨ ਤੇਜ਼ੀ ਨਾਲ ਬਦਲ ਰਹੇ ਹਾਲਾਤ ਉੱਤੇ ਨਜ਼ਰ ਰੱਖ ਰਹੇ ਹਾਂ। ਇਹ ਬਹੁਤ ਗੰਭੀਰ ਮੁੱਦਾ ਹੈ, ਜੋ ਪੂਰੇ ਖਿੱਤੇ ਵਿੱਚ ਅਮਨ ਤੇ ਸ਼ਾਂਤੀ ਲਈ ਚੁਣੌਤੀ ਬਣ ਸਕਦਾ ਹੈ। ਭਾਰਤ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਦੀ ਅਪੀਲ ਕਰਦਾ ਹੈ। ਤਣਾਅ ਨੂੰ ਘੱਟ ਕਰਨ ਲਈ ਸਾਰੀਆਂ ਧਿਰਾਂ ਨੂੰ ਜਾਇਜ਼ ਸੁਰੱਖਿਆ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੂਟਨੀਤਕ ਤਰੀਕੇ ਨਾਲ ਬਦਲ ਅਪਣਾਉਣਾ ਚਾਹੀਦਾ ਹੈ ਤਾਂ ਕਿ ਪੂਰੇ ਖੇਤਰ ਵਿੱਚ ਸਥਾਈ ਸ਼ਾਂਤੀ ਦਾ ਰਾਹ ਨਿਕਲ ਸਕੇ।'

ਵਰਨਣ ਯੋਗ ਹੈ ਕਿ ਯੂ ਐਨ ਐਸ ਸੀ ਦੀ ਇਹ ਐਮਰਜੈਂਸੀ ਬੈਠਕ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਯੂਕਰੇਨ ਦੇ ਬਾਗੀਆਂ ਵਾਲੇ ਦੋ ਇਲਾਕਿਆਂ ਡੋਨੇਤਸਕ ਅਤੇ ਲੁਹਾਂਸਕ ਨੂੰ ਆਜ਼ਾਦ ਦੇਸ਼ ਦੀ ਮਾਨਤਾ ਦੇਣ ਦੇ ਕੁਝ ਘੰਟੇ ਬਾਅਦ ਸੱਦੀ ਗਈ ਸੀ। ਬਹਿਸ ਵਿੱਚ ਸ਼ਾਮਲ ਭਾਰਤ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹੈ, ਜਿਸ ਨੇ ਰਾਸ਼ਟਰਪਤੀ ਪੁਤਿਨ ਦੇ ਕਦਮ ਦੀ ਆਲੋਚਨਾ ਨਹੀਂ ਕੀਤੀ। ਭਾਰਤ ਦੇ ਨਾਲ ਚੀਨ ਅਤੇ ਬਰਾਜ਼ੀਲ ਦਾ ਰੁਖ਼ ਵੀ ਰੂਸ ਬਾਰੇ ਕਾਫੀ ਨਰਮ ਰਿਹਾ। ਯਾਦ ਰਹੇ ਕਿ ਇਸ ਤੋਂ ਪਹਿਲਾਂ ਯੂ ਐਨ ਐਸ ਸੀ ਵਿੱਚ ਯੂਕਰੇਨ ਉੱਤੇ ਵੋਟਿੰਗ ਦੌਰਾਨ ਵੀ ਭਾਰਤ ਗੈਰ ਹਾਜ਼ਰ ਰਿਹਾ ਸੀ, ਜਿਸ ਨੂੰ ਰੂਸ ਨੇ ਆਪਣੀ ਹਮਾਇਤ ਕਰਾਰ ਦਿੱਤਾ ਸੀ।

# ਪੰਜਾਬੀ ਵਿਦਿਆਰਥੀ ਪੜ੍ਹਾਈ ਵਿਚਾਲੇ ਛੱਡ ਕੇ ਯੂਕਰੇਨ ਤੋਂ ਪਰਤੇ



ਮਾਨਸਾ, 23 ਫਰਵਰੀ (ਪੋਸਟ ਬਿਊਰੋ)- ਯੂਕਰੇਨ ਦੀ ਧਰਤੀ ਉੱਤੇ ਡਾਕਟਰ ਬਣਨ ਦਾ ਸੁਹਾਵਣਾ ਸੁਫਨਾ ਲੈ ਕੇ ਜਾਣ ਵਾਲੇ ਭਾਰਤੀ ਨੌਜਵਾਨਾਂ ਨੂੰ ਉਥੇ ਯੁੱਧ ਵਾਲਾ ਮਾਹੌਲ ਬਣਨ ਕਾਰਨ ਭਾਰਤ ਪਰਤਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੱਲ੍ਹ ਮਾਨਸਾ ਜ਼ਿਲ੍ਹੇ ਦੇ ਬਰੇਟਾ ਕਸਬੇ ਵਿੱਚ ਪਰਤੇ ਦੋ ਨੌਜਵਾਨਾਂ ਦੇ ਮਾਪਿਆਂ ਨੇ ਦੱਸਿਆ ਕਿ ਉਥੋਂ ਪੰਜਾਬ ਪਰਤਣ ਲਈ ਭਾਰਤੀ ਅੰਬੈਸੀ ਵੱਲੋਂ ਕੋਈ ਮਦਦ ਨਹੀਂ ਕੀਤੀ ਜਾ ਰਹੀ।

ਵਰਨਣ ਯੋਗ ਹੈ ਕਿ ਯੂਕਰੇਨ ਵਿੱਚ ਹਾਲੇ ਵੀ ਪੰਜਾਬ ਦੇ ਸੈਂਕੜੇ ਨੌਜਵਾਨ ਫਸੇ ਹੋਏ ਹਨ। ਅਜਿਹੇ ਮਾਹੌਲ ਵਿੱਚ ਬਰੇਟਾ ਦੇ ਦੋ ਨੌਜਵਾਨ ਨਿਤਿਨ ਕੁਮਾਰ ਅਤੇ ਮਨਿੰਦਰ ਸਿੰਘ ਆਪਣੀ ਪੜ੍ਹਾਈ ਵਿਚਾਲੇ ਛੱਡ ਕੇ ਕਾਫੀ ਖੱਜਲ-ਖੁਆਰੀ ਤੋਂ ਬਾਅਦ ਘਰ ਪੁੱਜੇ ਹਨ। ਨਿਤਿਨ ਨੇ ਦੱਸਿਆ ਕਿ ਉਹ ਯੂਕਰੇਨ ਵਿੱਚ ਐਮ ਬੀ ਬੀ ਐਸ ਭਾਗ ਦੂਜਾ ਦਾ ਵਿਦਿਆਰਥੀ ਸੀ। ਜਦੋਂ ਜੰਗ ਵਰਗਾ ਮਾਹੌਲ ਬਣ ਗਿਆ ਤਾਂ ਉਸ ਨੇ 13 ਫਰਵਰੀ ਨੂੰ 17 ਫਰਵਰੀ ਲਈ ਫਲਾਈਟ ਚਾਲੀ ਹਜ਼ਾਰ ਰੁਪਏ ਵਿੱਚ ਬੁੱਕ ਕਰਵਾਈ, ਪਰ ਬਿਨਾਂ ਕਿਸੇ ਵਿਸ਼ੇਸ਼ ਕਾਰਨ ਤੋਂ ਉਡਾਣ ਰੱਦ ਕਰ ਦਿੱਤੀ ਗਈ। ਬਾਅਦ ਵਿੱਚ ਉਸ ਨੇ 55 ਹਜ਼ਾਰ ਰੁਪਏ ਦੀ ਨਵੇਂ ਸਿਰੇ ਤੋਂ ਫਲਾਈਟ ਬੁੱਕ ਕਰਵਾਈ। ਪਹਿਲੇ ਪੈਸੇ ਵਾਪਸ ਨਹੀਂ ਹੋਏ। ਨਿਤਿਨ ਨੇ ਕਿਹਾ ਕਿ ਉਹ ਮਸਾਂ ਘਰ ਪਰਤਿਆ ਹੈ। ਉਸ ਨੇ ਦੱਸਿਆ ਕਿ ਉਥੇ ਟਿਕਟਾਂ ਅਤੇ ਖਾਣ-ਪੀਣ ਦਾ ਸਾਮਾਨ ਬਹੁਤ ਮਹਿੰਗਾ ਹੋ ਗਿਆ ਹੈ। ਪਹਿਲਾਂ ਜਿਹੜੀ ਟਿਕਟ 21 ਤੋਂ 25 ਹਜ਼ਾਰ ਰੁਪਏ ਦੀ ਸੀ, ਉਹ 55 ਤੋਂ 75 ਹਜ਼ਾਰ ਰੁਪਏ ਦੀ ਹੋ ਗਈ ਹੈ। ਹੋਰ ਚੀਜ਼ਾਂ ਦੇ ਭਾਅ ਵੀ ਅਸਮਾਨੀ ਚੜ੍ਹੇ ਹੋਏ ਹਨ।

ਮਨਿੰਦਰ ਸਿੰਘ ਵੀ ਉਥੇ ਮੈਡੀਕਲ ਦਾ ਸਟੂਡੈਂਟ ਹੈ। ਉਸ ਦੇ ਪਿਤਾ ਜੁਗਰਾਜ ਸਿੰਘ ਨੇ ਮਨਿੰਦਰ ਦੇ ਪਰਤਣਦਾ ਸ਼ੁਕਰ ਮਨਾਇਆ ਹੈ। ਬਰੇਟਾ ਕਸਬੇ ਦਾ ਇੱਕ ਹੋਰ ਨੌਜਵਾਨ ਪਿਊਸ਼ ਗੋਇਲ ਹਾਲੇ ਯੂਕਰੇਨ ਵਿੱਚ ਫਸਿਆ ਹੋਇਆ ਹੈ। ਉਹ ਅਕਤੂਬਰ 2018 ਵਿੱਚ ਯੂਕਰੇਨ ਵਿੱਚ ਐਮ ਬੀ ਬੀ ਐਸ ਕਰਨ ਗਿਆ ਅਤੇ ਜੁਲਾਈ 2024 ਵਿੱਚ ਕੋਰਸ ਖਤਮ ਹੋਣ ਤੋਂ ਬਾਅਦ ਉਸ ਨੇ ਵਾਪਸ ਆਉਣਾ ਹੈ। ਉਥੇ ਛਿੜੀ ਜੰਗ ਨੇ ਉਸ ਦੇ ਮਾਪਿਆਂ ਦੇ ਸਾਹ ਸੂਤ ਰੱਖੇ ਹਨ। ਉਸ ਨੇ 27 ਫਰਵਰੀ ਨੂੰ ਵਾਪਸ ਆਉਣ ਦੀ ਮਹਿੰ-ਗੇ ਭਾਅ ਦੀ ਟਿਕਟ ਬੁੱਕ ਕਰਵਾਈ ਹੈ।

ਆਖਰੀ ਵਰ੍ਹੇ ਦੇ ਪੇਪਰ ਮਈ ਮਹੀਨੇ ਵਿੱਚ ਹੋਣੇ ਹਨ ਤੇ ਜੂਨ ਵਿੱਚ ਵਿਦਿਆਰਥੀਆਂ ਦੀ ਘਰਾਂ ਨੂੰ ਵਾਪਸੀ ਹੈ। ਜੇ ਇਹ ਬੱਚੇ ਅੱਜ ਆਉਂਦੇ ਹਨ ਤਾਂ ਉਨ੍ਹਾਂ ਦੀ ਪੜ੍ਹਾਈ ਅਤੇ ਪੇਪਰਾਂ ਉੱਤੇ ਅਸਰ ਪੈ ਸਕਦਾ ਹੈ। ਮੁਕਤਸਰ ਦੇ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਬੇਟੀ ਤੇ ਬੇਟਾ ਖਾਰਕੀਵ ਨੈਸ਼ਨਲ ਮੈਡੀਕਲ ਯੂਨੀਵਰਸਿਟੀ ਯੂਕਰੇਨ ਵਿੱਚ ਪੜ੍ਹ ਰਹੇ ਹਨ। ਉਹ ਐਮ ਬੀ ਬੀ ਐਸ ਦੇ ਛੇਵੇਂ ਸਾਲ ਦੇ ਵਿਦਿਆਰਥੀ ਹਨ। ਯੂਨੀਵਰਸਿਟੀ ਨੇ ਭਾਵੇਂ ਵਿਦਿਆਰਥੀਆਂ ਨੂੰ ਭਾਰਤ ਜਾ ਕੇ ਆਨਲਾਈਨ ਪੜ੍ਹਾਈ ਕਰਨ ਨੂੰ ਕਹਿ ਦਿੱਤਾ ਹੈ, ਪਰ ਵਿਦਿਆਰਥੀ ਕਿਸੇ ਸਮੱਸਿਆ ਤੋਂ ਬਚਣ ਲਈ ਭਾਰਤ ਆਉਣ ਤੋਂ ਝਿਜਕਦੇ ਹਨ। ਉਨ੍ਹਾਂ ਦੱਸਿਆ ਕਿ ਹਾਲੇ ਬੱਚੇ ਭਾਵੇਂ ਉਥੇ ਸੁਰੱਖਿਅਤ ਹਨ, ਪਰ ਉਨ੍ਹਾਂ ਦਾ ਚਿੰਤਾ ਹੈ।

# ਇਮਰਾਨ ਵੱਲੋਂ ਮੋਦੀ ਨੂੰ ਮਤਭੇਦਾਂ ਉੱਤੇ ਬਹਿਸ ਦੀ ਪੇਸ਼ਕਸ਼

ਲਾਹੌਰ, 23 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੋਵਾਂ ਦੇਸ਼ਾਂ ਵਿਚਾਲੇ ਮਤਭੇਦ ਸੁਲਝਾਉਣ ਲਈ ਟੀ ਵੀ ਉੱਤੇ ਬਹਿਸ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਇੱਕ ਇੰਟਰਵਿਊ ਵਿੱਚ ਕਿਹਾ ਕਿ ਉਹ ਟੀ ਵੀ ਚੈਨਲ ਉੱਤੇ ਨਰਿੰਦਰ ਮੋਦੀ ਨਾਲ ਬਹਿਸ ਕਰਨਾ ਪਸੰਦ ਕਰਨਗੇ।

ਇਮਰਾਨ ਖ਼ਾਨ ਨੇ ਉਕਤ ਇੰਟਰਵਿਊ ਵਿੱਚ ਇਹ ਵੀ ਕਿਹਾ ਕਿ ਬਹਿਸ ਰਾਹੀਂ ਮਤਭੇਦ ਹੱਲ ਹੋ ਜਾਣ ਤਾਂ ਇਹ ਭਾਰਤੀ ਉਪ-ਮਹਾਂਦੀਪ ਦੇ ਇੱਕ ਅਰਬ ਤੋਂ ਵੱਧ ਲੋਕਾਂ ਲਈ ਲਾਭਦਾਇਕ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਦੁਸ਼ਮਣ ਦੇਸ਼ ਬਣ ਗਿਆ, ਇਸ ਲਈ ਉਸ ਨਾਲ ਵਪਾਰ ਘੱਟ ਹੋ ਗਿਆ ਹੈ, ਜਦਕਿ ਸਾਡੀ ਸਰਕਾਰ ਦੀ ਨੀਤੀ ਸਾਰੇ ਦੇਸ਼ਾਂ ਨਾਲ ਵਪਾਰਕ ਸੰਬੰਧ ਬਣਾਈ ਰੱਖਣ ਦੀ ਹੈ। ਭਾਰਤ ਨਾਲ ਸੰਬੰਧਾਂ ਬਾਰੇ ਪੁੱਛੇ ਸਵਾਲ ਉੱਤੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਕਸ਼ਮੀਰ ਵਿਵਾਦ ਦੇ ਹੱਲ ਲਈ ਸੱਤਾ ਵਿੱਚ ਆਉਣ ਤੋਂ ਬਾਅਦ ਭਾਰਤ ਤਕ ਪਹੁੰਚ ਕੀਤੀ ਸੀ। ਉਨ੍ਹਾਂ ਨੇ ਨਾਲ ਇਸ ਗੱਲ ਉੱਤੇ ਅਫ਼ਸੋਸ ਵੀ ਜ਼ਾਹਿਰ ਕੀਤਾ ਕਿ ਭਾਰਤ ਨੂੰ 'ਨਾਜ਼ੀਆਂ ਤੋਂ ਪ੍ਰੇਰਿਤ ਨਸਲਵਾਦੀ ਵਿਚਾਰਧਾਰਾ' ਨੇ ਆਪਣੇ ਕਬਜ਼ੇ ਵਿੱਚ ਲਿਆ ਹੋਇਆ ਹੈ। ਦੱਸਣਯੋਗ ਹੈ ਕਿ ਭਾਰਤ ਪਹਿਲਾਂ ਹੀ ਪਾਕਿ ਨੂੰ ਸਪੱਸ਼ਟ ਕਰ ਚੁੱਕਾ ਹੈ ਕਿ ਅੱਤਵਾਦ ਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ।

## 12ਵੀਂ ਦੀ ਪੁਸਤਕ ਵਿੱਚ ਸਿੱਖ ਇਤਿਹਾਸ ਬਾਰੇ ਗ਼ਲਤ ਤੱਥ ਛਪੇ ਹੋਣ ਦਾ ਦੋਸ਼

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 12ਵੀਂ ਕਲਾਸ ਨੂੰ ਪੜ੍ਹਾਈ ਜਾ ਰਹੀ ਪੁਸਤਕ 'ਪੰਜਾਬ ਦਾ ਇਤਿਹਾਸ' ਜਿੱਥੇ ਬੋਰਡ ਦੇ ਅਧਿਕਾਰੀਆਂ ਲਈ ਗਲੇ ਦੀ ਹੱਡੀ ਬਣ ਗਈ ਹੈ, ਉਥੇ ਹੀ ਆਮ ਲੋਕਾਂ ਵਿੱਚ ਇਸ ਨੂੰ ਲੈ ਕੇ ਭਾਰੀ ਰੋਸ ਹੈ। ਇਸੇ ਬਾਰੇ ਲੋਕ ਭਲਾਈ ਇਨਸਾਫ਼ ਵੈਲਫੇਅਰ ਸੋਸਾਈਟੀ ਅਤੇ ਭਾਰਤੀ ਕਿਸਾਨ ਯੂਨੀਅਨ ਸਿਰਸਾ ਵੱਲੋਂ ਸਿੱਖਿਆ ਬੋਰਡ ਦੇ ਦਫ਼ਤਰ ਅੱਗੇ ਕਈ ਦਿਨਾਂ ਤੋਂ ਦਿਨ-ਰਾਤ ਧਰਨਾ ਚਲ ਰਿਹਾ ਹੈ।

ਇਸ ਧਰਨੇ ਵਿੱਚ ਪੁੱਜੇ ਸਮਾਜ-ਸੇਵਕ ਡਾ. ਪਿਆਰਾ ਲਾਲ ਗਰਗ ਨੇ ਕਿਹਾ ਕਿ ਇਹ ਇੱਕ ਬਜਰ ਗ਼ਲਤੀ ਹੈ, ਜਿਸ ਲਈ ਮੌਕੇ ਦੀਆਂ ਅਕਾਲੀ ਤੇ ਕਾਂਗਰਸੀ ਸਰਕਾਰਾਂ ਦੋਸ਼ੀ ਹਨ। ਡਾ. ਗਰਗ ਨੇ ਦੋਸ਼ ਲਾਇਆ ਕਿ ਦੋਵਾਂ ਸਰਕਾਰਾਂ ਦੀ ਮਿਲੀਭੁਗਤ ਕਾਰਨ ਇਹ ਕਿਤਾਬ ਹਾਲੇ ਵੀ ਪੜ੍ਹਾਈ ਜਾ ਰਹੀ ਹੈ, ਹਾਲਾਂਕਿ ਇਸ ਦੀ ਜਾਣਕਾਰੀ ਸਰਕਾਰਾਂ ਤੋਂ ਬਿਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਹੈ। ਡਾ. ਗਰਗ ਅਨੁਸਾਰ ਇਸ ਵਕਤ ਡੇਢ ਲੱਖ ਦੇ ਕਰੀਬ ਵਿਦਿਆਰਥੀ ਇਹ ਕਿਤਾਬ ਪੜ੍ਹ ਰਹੇ ਹਨ। ਉਨ੍ਹਾ ਨੇ ਕਿਤਾਬ ਦੇ ਲੇਖਕ, ਪ੍ਰਕਾਸ਼ਕ ਤੇ ਸਿੱਖਿਆ ਬੋਰਡ ਨੂੰ ਇਸ ਗ਼ਲਤੀ ਦਾ ਜ਼ੁੰਮੇਵਾਰ ਕਰਾਰ ਦੇ ਕੇ ਉਨ੍ਹਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਇਸ ਨੂੰ ਗੰਭੀਰ ਮੁੱਦਾ ਦੱਸਿਆ ਜੋ ਕਿਸਾਨ ਮੋਰਚੇ ਵਾਂਗ ਪੂਰੇ ਪੰਜਾਬ ਵਿੱਚ ਫੈਲ ਸਕਦਾ ਹੈ। ਧਰਨੇ ਦੀ ਅਗਵਾਈ ਕਰ ਰਹੇ ਕਿਸਾਨ ਨੇਤਾ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਦੋਸ਼ੀ ਅਧਿਕਾਰੀਆਂ ਨੂੰ ਸਜ਼ਾ ਦਿਵਾਏ ਜਾਣ ਤਕ ਇਹ ਧਰਨਾ ਜਾਰੀ ਰਹੇਗਾ।

## ਖੱਡ ਵਿੱਚ ਗੱਡੀ ਡਿੱਗਣ ਨਾਲ 13 ਬਰਾਤੀਆਂ ਦੀ ਮੌਤ

ਦੇਹਰਾਦੂਨ, 23 ਫਰਵਰੀ (ਪੋਸਟ ਬਿਊਰੋ)- ਉਤਰਾਖੰਡ ਦੇ ਚੰਪਾਵਤ ਜ਼ਿਲ੍ਹੇ ਵਿੱਚ ਸੁਖੀਢਾਂਗ ਰੀਠਾ ਸਾਹਿਬ ਰੋਡ ਨੇੜੇ ਕੱਲ੍ਹ ਰਾਤ ਇੱਕ ਗੱਡੀ ਬੇਕਾਬੂ ਹੋ ਕੇ ਖੱਡ ਵਿੱਚ ਡਿੱਗ ਗਈ। ਗੱਡੀ ਵਿੱਚ 15 ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ 13 ਦੀ ਮੌਤ ਹੋ ਗਈ। ਹਾਦਸੇ ਦੇ ਸਮੇਂ ਮੈਕਸ ਗੱਡੀ ਟਨਕਪੁਰ ਦੀ ਪੰਚਮੁਖੀ ਧਰਮਸ਼ਾਲਾ ਵਿੱਚ ਵਿਆਹ ਸਮਾਰੋਹ ਵਿੱਚ ਗਏ ਬਰਾਤੀਆਂ ਨੂੰ ਲੈ ਕੇ ਵਾਪਸ ਡਾਂਡਾ ਕਕਨਈ ਪਿੰਡ ਆ ਰਹੀ ਸੀ।

ਮਿਲੀ ਜਾਣਕਾਰੀ ਮੁਤਾਬਕ ਹਾਦਸਾ ਚੰਪਾਵਤ ਤੋਂ ਕਰੀਬ 65 ਕਿਲੋਮੀਟਰ ਦੂਰ ਵਾਪਰਿਆ। ਇਹ ਵਾਹਨ ਬੇਕਾਬੂ ਹੋ ਕੇ ਲੱਗਭਗ 300 ਮੀਟਰ ਹੇਠਾਂ ਖੱਡ ਵਿੱਚ ਡਿੱਗ ਗਿਆ। ਪੁਲਸ ਅਤੇ ਬਚਾਅ ਟੀਮਾਂਨੇ ਰਾਹਤ-ਬਚਾਅ ਦਾ ਕੰਮ ਸ਼ੁਰੂ ਕੀਤਾ ਹੈ। ਅਜੇ ਤਕ 13 ਲਾਸ਼ਾਂ ਨੂੰ ਖੱਡ ਵਿੱਚੋਂ ਬਾਹਰ ਕੱਢਿਆ ਗਿਆ ਹੈ। ਦੋ ਲੋਕ ਗੰਭੀਰ ਜ਼ਖ਼ਮੀ ਦੱਸੇ ਗਏ ਹਨ।

# ਸਿੱਖਸ ਫਾਰ ਜਸਟਿਸ ਨਾਲ ਜੁੜੇ ਹੋਏ ਪੰਜਾਬ ਪਾਲਿਟਿਕਸ ਟੀ ਵੀ ਦੇ ਡਿਜੀਟਲ ਸਰੋਤਾਂ ਉੱਤੇ ਪਾਬੰਦੀ ਲਾਗੂ

ਨਵੀਂ ਦਿੱਲੀ, 23 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਨੇ ਪਾਬੰਦੀਸ਼ੁਦਾ ਖਾਲਿਸਤਾਨ ਪੱਖੀ ਸੰਸਥਾ ਸਿੱਖਸ ਫ਼ਾਰ ਜਸਟਿਸਨਾਲ ਜੁੜੇ ਐਪਾਂ ਅਤੇ ਵੈਬਸਾਈਟ ਨੂੰ ਬਲਾਕ ਕਰ ਦਿੱਤਾ ਹੈ।

ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਸੂਚਨਾ ਦੇ ਆਧਾਰ ਉੱਤੇ ਆਪਣੀਆਂ ਐਮਰਜੈਂਸੀ ਤਾਕਤਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਪਾਲਿ-ਟਿਕਸ ਟੀ ਵੀ ਦੇ ਐਪਸ, ਵੈਬਸਾਈਟ ਅਤੇ ਸੋਸ਼ਲ ਮੀਡੀਆ ਅਕਾਊਂਟਸ ਉੱਤੇ ਪਾਬੰਦੀ ਲਾਉਣ ਦਾ ਆਦੇਸ਼ ਦਿੱਤਾ ਹੈ। ਇਸ ਬਾਰੇ ਜਾਰੀ ਬਿਆਨ ਮੁਤਾਬਕ ਪੰਜਾਬ ਪਾਲਿਟਿਕਸ ਟੀ ਵੀ ਦੇ ਸਾਰੇ ਡਿਜੀਟਲ ਪਲੇਟਫਾਰਮਾਂਤੋਂ ਅਜਿਹੀ ਸਮੱਗਰੀ ਅਪਲੋਡ ਹੁੰਦੀ ਸੀ, ਜਿਨ੍ਹਾਂ ਨਾਲ ਫਿਰਕੂ ਹਿੰਸਾ, ਵੱਖਵਾਦ ਨੂੰ ਭੜਕਾਉਣ ਤੇ ਭਾਰਤ ਦੀ ਸੁਰੱਖਿਆ ਤੇ ਜਨਤਕ ਵਿਵਸਥਾ ਦੇ ਵਿਗੜਨ ਦੀ ਸੰਭਾਵਨਾ ਸੀ। ਵਰਨਣ ਯੋਗ ਹੈ ਕਿ ਐਸ ਐਫ਼ ਜੇ ਨੂੰ ਗ਼ੈਰ-ਕਾਨੂੰਨੀ ਕਾਰਵਾਈਆਂ ਤੋਂ ਬਚਾਅ ਦੇ ਕਾਨੂੰਨ (ਯੂ ਏ ਪੀ ਏ) 1967 ਹੇਠ ਗ਼ੈਰ-ਕਾਨੂੰਨੀ ਐਲਾਨਿਆ ਗਿਆ ਹੈ। ਇਸ ਜਥੇਬੰਦੀ ਐਸ ਐਫ਼ ਜੇ ਦੇ ਮੋਢੀ ਗੁਰਪਤਵੰਤ ਸਿੰਘ ਪੰਨੂੰ ਨੂੰ ਵੀ ਵੱਖਵਾਦ ਨੂੰ ਉਤਸ਼ਾਹਤ ਕਰਨ ਲਈ ਯੂ ਏ ਪੀ ਏ ਹੇਠ ਅੱਤਵਾਦੀ ਐਲਾਨਿਆ ਗਿਆ ਸੀ। ਪਤਾ ਲੱਗਾ ਹੈ ਕਿ ਇਸ ਚੈਨਲ ਨੇ ਆਨਲਾਈਨ ਮੀਡੀਆ ਦੀ ਵਰਤੋਂ ਕਰਕੇ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕੀਤੀ ਸੀ। ਬਲਾਕ ਕੀਤੇ ਗਏ ਐਪਾਂ, ਵੈਬਸਾਈਟਾਂ ਤੇ ਸੋਸ਼ਲ ਮੀਡੀਆ ਅਕਾਊਂਟਸ ਵਿੱਚ ਫ਼ਿਰਕੂ ਹਿੰਸਾ ਤੇ ਵੱਖਵਾਦ ਨੂੰ ਉਤਸ਼ਾਹਿਤ ਕਰਨ ਦੀ ਸਮੱਗਰੀ ਹੈ, ਜਿਸ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ, ਰਾਜਾਂ ਦੀ ਸੁਰੱਖਿਆ ਤੇ ਕਾਨੂੰਨ ਵਿਵਸਥਾ ਨੂੰ ਢਾਹ ਲੱਗ ਸਕਦੀ ਹੈ। ਭਾਰਤ ਸਰਕਾਰ ਨੇ ਐਸ ਐਫ਼ ਜੇ ਉੱਤੇ ਜਨਵਰੀ 2019 ਵਿੱਚ ਪਾਬੰਦੀ ਲਾਈ ਸੀ। ਸਰਕਾਰ ਦੇ ਇਸ ਆਦੇਸ਼ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਸੀ। ਟ੍ਰਿਬਿਊਨਲ ਵੱਲੋਂ 2020 ਵਿੱਚ ਪਾਬੰਦੀ ਕਾਇਮ ਰੱਖੀ ਸੀ। ਸਰਕਾਰ ਵੱਲੋਂ 26 ਮਈ, 2021 ਨੂੰ ਨਵੇਂ ਆਈ ਟੀ ਨਿਯਮ ਲਾਗੂ ਕੀਤੇ ਗਏ ਸਨ। ਜਿਨ੍ਹਾਂ ਦੀ ਵਰਤੋਂ ਕਰਦਿਆਂ ਪਹਿਲਾਂ 20 ਯੂ-ਟਿਊਬ ਚੈਨਲਾਂ ਅਤੇ ਦੋ ਵੈਬਸਾਈਟਾਂ ਉੱਤੇ ਅਤੇ ਉਸ ਤੋਂ ਬਾਅਦ 35 ਹੋਰ ਯੂ-ਟਿਊਬ ਚੈਨਲਾਂ ਉੱਤੇ ਪਾਬੰਦੀ ਲਗਾ ਦਿੱਤੀ ਸੀ।